# ਯੂਕੇ ਕੋਵਿਡ-19 ਇਨਕੁਆਇਰੀ (UK Covid-19 Inquiry)
# ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ 'ਤੇ ਸਲਾਹ-ਮਸ਼ਵਰਾ – ਪ੍ਰਤਿਕਿਰਿਆਵਾਂ ਦਾ ਸਾਰ
# ਮਈ 2022

## ਮੁਖਬੰਧ

ਮੈਨੂੰ ਦਸੰਬਰ 2021 ਵਿੱਚ ਯੂਕੇ ਕੋਵਿਡ-19 ਇਨਕੁਆਇਰੀ ਦੀ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ। ਇਹ ਯਕੀਨੀ ਬਣਾਉਣਾ ਮੇਰੀ ਜ਼ਿੰਮੇਵਾਰੀ ਹੈ ਕਿ ਇਨਕੁਆਇਰੀ - ਕੋਵਿਡ-19 ਮਹਾਂਮਾਰੀ ਪ੍ਰਤੀ ਯੂਕੇ ਦੀ ਤਿਆਰੀ ਅਤੇ ਪ੍ਰਤਿਕਿਰਿਆ ਦੀ ਪੜਤਾਲ ਕਰਨ, ਅਤੇ ਭਵਿੱਖ ਵਾਸਤੇ ਸਬਕ ਸਿੱਖਣ ਦੇ ਆਪਣੇ ਉਦੇਸ਼ ਨੂੰ ਬਿਹਤਰੀਨ ਢੰਗ ਨਾਲ ਪੂਰਾ ਕਰ ਸਕੇ।

ਇਨਕੁਆਇਰੀ ਵਿੱਚ ਕੀ ਵਿਚਾਰਿਆ ਜਾਵੇਗਾ, ਇਸਦਾ ਕਾਰਜ-ਖੇਤਰ ਇਸ ਦੀਆਂ ਸੰਦਰਭ ਦੀਆਂ ਸ਼ਰਤਾਂ ਵਿੱਚ ਨਿਰਧਾਰਤ ਕੀਤਾ ਜਾਵੇਗਾ। ਉਹਨਾਂ ਦੀ ਵਿਆਪਕ ਪਹੁੰਚ ਇਨਕੁਆਇਰੀ ਨੂੰ ਯੂਕੇ ਦੀ ਮਹਾਂਮਾਰੀ ਪ੍ਰਤਿਕਿਰਿਆ ਦੇ ਵੱਖ-ਵੱਖ ਪਹਿਲੂਆਂ ਦੀ ਜਾਂਚ-ਪੜਤਾਲ ਕਰਨ ਦੀ ਸੁਤੰਤਰਤਾ ਦਿੰਦੀ ਹੈ। ਮਾਰਚ ਵਿੱਚ ਮੈਨੂੰ ਪ੍ਰਧਾਨ ਮੰਤਰੀ ਤੋਂ ਸੰਦਰਭ ਦੀਆਂ ਸ਼ਰਤਾਂ ਦਾ ਮਸੌਦਾ ਮਿਲਣ ਤੋਂ ਬਾਅਦ, ਮੇਰੀ ਪਹਿਲ ਇੱਕ ਜਨਤਕ ਸਲਾਹ-ਮਸ਼ਵਰਾ ਕਰਨ ਦੀ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੈਂ ਆਪਣੇ ਕੰਮ ਵਿੱਚ ਜਨਤਾ ਦੀਆਂ ਵੱਧ ਤੋਂ ਵੱਧ ਚਿੰਤਾਵਾਂ ਨੂੰ ਦਰਸਾ ਸਕਾਂ।

ਇਹ ਦਸਤਾਵੇਜ਼ ਉਸ ਜਨਤਕ ਸਲਾਹ-ਮਸ਼ਵਰੇ ਦੇ ਇਨਕੁਆਇਰੀ ਦੇ ਸੁਤੰਤਰ ਵਿਸ਼ਲੇਸ਼ਣ ਦਾ ਵਰਣਨ ਕਰਦਾ ਹੈ। ਜਨਤਾ ਦੀਆਂ ਭਾਵਨਾਵਾਂ ਦੀ ਤਾਕਤ ਦੇ ਆਧਾਰ 'ਤੇ, ਮੈਂ ਇਹ ਸੁਝਾਅ ਦੇ ਰਹੀ ਹਾਂ ਕਿ ਸੰਦਰਭ ਦੀਆਂ ਸ਼ਰਤਾਂ ਦਾ ਵਿਸਤਾਰ ਕਰਕੇ ਇਹਨਾਂ ਨੂੰ ਦੁਬਾਰਾ ਤਿਆਰ ਕੀਤਾ ਜਾਵੇ।

ਮੈਨੂੰ ਯੂਕੇ ਦੇ ਗਿਆਰਾਂ ਸ਼ਹਿਰਾਂ ਵਿੱਚ ਸੋਗਗ੍ਰਸਤ ਪਰਿਵਾਰਾਂ ਨਾਲ ਮਿਲਣ ਦਾ ਸੁਭਾਗ ਮਿਲਿਆ, ਜਿਹਨਾਂ ਨੇ ਮਹਾਂਮਾਰੀ ਦੌਰਾਨ ਕਿਸੇ ਅਜ਼ੀਜ਼ ਨੂੰ ਗੁਆ ਦੇਣ ਦੇ ਆਪੋ-ਆਪਣੇ ਅਨੁਭਵ ਸਾਂਝੇ ਕੀਤੇ। ਸਾਨੂੰ ਜਨਤਕ ਸਲਾਹ-ਮਸ਼ਵਰੇ ਲਈ 20,000 ਤੋਂ ਵੱਧ ਪ੍ਰਤਿਕਿਰਿਆਵਾਂ ਵੀ ਪ੍ਰਾਪਤ ਹੋਈਆਂ। ਲੋਕਾਂ ਦੁਆਰਾ ਸਾਂਝੇ ਕੀਤੇ ਉਸਾਰੂ ਵਿਚਾਰਾਂ ਦੇ ਬਗੈਰ, ਮੈਂ ਸੰਦਰਭ ਦੀਆਂ ਸ਼ਰਤਾਂ ਵਿੱਚ ਅਜਿਹੀਆਂ ਸਪਸ਼ਟ, ਵਿਸ਼ੇਸ਼ ਤਬਦੀਲੀਆਂ ਦੀ ਸਿਫ਼ਾਰਸ਼ ਕਰਨ ਦੇ ਯੋਗ ਨਹੀਂ ਹੋਣਾ ਸੀ।

ਹੁਣ ਪ੍ਰਧਾਨ ਮੰਤਰੀ ਮੇਰੀਆਂ ਸਿਫ਼ਾਰਸ਼ਾਂ 'ਤੇ ਵਿਚਾਰ ਕਰਨਗੇ ਅਤੇ ਮੈਨੂੰ ਛੇਤੀ ਹੀ ਸੰਦਰਭ ਦੀਆਂ ਅੰਤਮ ਸ਼ਰਤਾਂ ਮਿਲ ਜਾਣ ਦੀ ਉਮੀਦ ਹੈ, ਤਾਂ ਜੋ ਇਨਕੁਆਇਰੀ ਪੂਰੀ ਸੰਜੀਦਗੀ ਨਾਲ ਆਪਣਾ ਕੰਮ ਸ਼ੁਰੂ ਕਰ ਸਕੇ।

ਮੈਂ ਉਸ ਵਚਨਬੱਧਤਾ ਨੂੰ ਦੁਹਰਾਉਣਾ ਚਾਹਵਾਂਗੀ ਜੋ ਮੈਂ ਸੋਗਗ੍ਰਸਤ ਪਰਿਵਾਰਾਂ ਨਾਲ ਬੈਠਕਾਂ ਵਿੱਚ ਕੀਤੀ ਸੀ। ਜਿਹਨਾਂ ਲੋਕਾਂ ਨੇ ਮਹਾਂਮਾਰੀ ਦੌਰਾਨ ਸਭ ਤੋਂ ਵੱਧ ਦੁੱਖ ਝੱਲੇ ਹਨ, ਉਹ ਇਨਕੁਆਇਰੀ ਦੇ ਕੰਮ ਦਾ ਸਭ ਤੋਂ ਅਹਿਮ ਹਿੱਸਾ ਹੋਣਗੇ। ਮੈਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਯੂਕੇ ਵਿੱਚ ਇਨਕੁਆਇਰੀ ਹਰੇਕ ਦੀ ਪਹੁੰਚ ਵਿੱਚ ਹੋਵੇ, ਅਤੇ ਇਹ ਯੂਕੇ ਦੇ ਸਮਾਜ ਦੇ ਸਾਰੇ ਪਹਿਲੂਆਂ 'ਤੇ ਮਹਾਂਮਾਰੀ ਦੇ ਅਸਰ ਦੀ ਜਾਂਚ ਕਰੇਗੀ।

ਮੈਂ ਵਾਅਦਾ ਕਰਦੀ ਹਾਂ ਕਿ ਇਨਕੁਆਇਰੀ ਨੂੰ ਨਿਰਪੱਖਤਾ ਅਤੇ ਖੁੱਲ੍ਹੇਪਣ ਦੇ ਸਿਧਾਂਤਾਂ 'ਤੇ ਚਲਦਿਆਂ, ਸਰਕਾਰ ਤੋਂ ਸੁਤੰਤਰ ਰੂਪ ਵਿੱਚ ਚਲਾਇਆ ਜਾਵੇਗਾ।

ਬੈਰੋਨੈਸ ਹੈਦਰ ਹੈਲੇਟ (Baroness Heather Hallett)

## ਭੂਮਿਕਾ

ਕੋਵਿਡ-19 ਮਹਾਂਮਾਰੀ ਪ੍ਰਤੀ ਯੂਕੇ ਦੀਆਂ ਤਿਆਰੀ ਅਤੇ ਪ੍ਰਤਿਕਿਰਿਆ ਦੀ ਪੜਤਾਲ ਕਰਨ, ਅਤੇ ਭਵਿੱਖ ਵਾਸਤੇ ਸਬਕ ਸਿੱਖਣ ਲਈ ਯੂਕੇ ਕੋਵਿਡ-19 ਇਨਕੁਆਇਰੀ ਸਥਾਪਤ ਕੀਤੀ ਜਾ ਰਹੀ ਹੈ।

ਦਸੰਬਰ 2021 ਵਿੱਚ ਇਨਕੁਆਇਰੀ ਦੇ ਪ੍ਰਧਾਨ ਵਜੋਂ ਸਾਬਕਾ ਅਪੀਲ ਕੋਰਟ ਜੱਜ, ਬੈਰੋਨੈਸ ਹੈਲੇਟ (Baroness Hallett) ਦੀ ਨਿਯੁਕਤੀ ਕੀਤੀ ਗਈ ਸੀ। ਉਹ ਇਨਕੁਆਇਰੀ ਦੀ ਅਗਵਾਈ ਕਰਨਗੇ ਅਤੇ, ਉਦੋਂ ਤੋਂ ਲੈ ਕੇ, ਆਪਣੀ ਸਹਾਇਤਾ ਲਈ ਇੱਕ ਇਨਕੁਆਇਰੀ ਟੀਮ ਬਣਾ ਰਹੇ ਹਨ।

ਇਹ ਇਨਕੁਆਇਰੀ ਯੂਕੇ ਦੀ ਕਿਸੇ ਵੀ ਹੋਰ ਪਿਛਲੀ ਕਾਨੂੰਨੀ ਜਾਂਚ ਤੋਂ ਵੱਖਰੀ ਹੈ। ਇਹ ਕਿਸੇ ਇੱਕ ਘਟਨਾ ਜਾਂ ਲੜੀਵਾਰ ਘਟਨਾਵਾਂ ਦੀ ਪੜਤਾਲ ਨਹੀਂ ਕਰ ਰਹੀ, ਨਾ ਹੀ ਇਸ ਬਾਰੇ ਕਿ ਇਹ ਕਿਉਂ ਵਾਪਰੀ ਜਾਂ ਵਾਪਰੀਆਂ। ਬਲਕਿ, ਇਹ ਇਸ ਗੱਲ ਦੀ ਜਾਂਚ-ਪੜਤਾਲ ਕਰੇਗੀ ਕਿ ਇੱਕ ਮਹਾਂਮਾਰੀ ਨੇ ਸਮੁੱਚੇ ਦੇਸ਼ (ਅਸਲ ਵਿੱਚ, ਚਾਰ ਦੇਸ਼ਾਂ) ਨੂੰ ਕਿਵੇਂ ਪ੍ਰਭਾਵਤ ਕੀਤਾ, ਅਤੇ ਯੂਕੇ ਸਰਕਾਰ, ਮਨੋਨੀਤ ਪ੍ਰਸ਼ਾਸਨਾਂ (Devolved Administrations), ਸਥਾਨਕ ਸਰਕਾਰ, ਅਤੇ ਰਾਜ ਦੇ ਹੋਰ ਕਈ ਹਿੱਸਿਆਂ ਨੇ ਫ਼ੈਸਲੇ ਲੈਣ ਦੀ ਆਪੋ-ਆਪਣੀ ਤਕਰੀਬਨ ਪੂਰੀ ਪ੍ਰਕਿਰਿਆ ਦੌਰਾਨ ਅਤੇ ਜਨਤਕ ਕਾਰਜਾਂ ਵਿੱਚ ਕਿਸ ਤਰ੍ਹਾਂ ਪ੍ਰਤਿਕਿਰਿਆ ਦਿੱਤੀ।

ਅਜਿਹੇ ਬੇਮਿਸਾਲ ਸੰਭਾਵੀ ਕਾਰਜ-ਖੇਤਰ ਦੇ ਨਾਲ, ਇਸ ਇਨਕੁਆਇਰੀ ਦਾ ਜਿੰਨਾ ਹੋ ਸਕੇ, ਇਸ ਵਿਸ਼ੇ ਬਾਰੇ ਸਪਸ਼ਟ ਹੋਣਾ ਜ਼ਰੂਰੀ ਹੈ ਕਿ ਅਸੀਂ ਕਿਸ ਚੀਜ਼ ਦੀ ਜਾਂਚ-ਪੜਤਾਲ ਕਰਾਂਗੇ, ਅਤੇ ਸਾਨੂੰ ਅਜਿਹਾ ਕਿਵੇਂ ਕਰਨਾ ਚਾਹੀਦਾ ਹੈ। ਇਸ ਨੂੰ ਉੱਚ ਪੱਧਰ 'ਤੇ ਸਾਡੇ 'ਸੰਦਰਭ ਦੀਆਂ ਸ਼ਰਤਾਂ' (Terms of Reference) ਵਿੱਚ ਨਿਰਧਾਰਤ ਕੀਤਾ ਜਾਵੇਗਾ, ਜੋ ਪੜਤਾਲ ਕੀਤੇ ਜਾਣ ਵਾਲੇ ਵਿਸ਼ਿਆਂ ਦਾ ਸਮੁੱਚਾ ਅਕਾਰ ਅਤੇ ਸੀਮਾਵਾਂ ਪ੍ਰਦਾਨ ਕਰਨਗੀਆਂ। ਸੰਦਰਭ ਦੀਆਂ ਸ਼ਰਤਾਂ ਨਿਰਧਾਰਤ ਕਰਨ ਲਈ ਪ੍ਰਧਾਨ ਮੰਤਰੀ ਜ਼ਿੰਮੇਵਾਰ ਹਨ।

ਕੋਵਿਡ-19 ਮਹਾਂਮਾਰੀ ਵਰਗੇ ਵਿਆਪਕ ਵਿਸ਼ੇ ਦੀ ਪੜਤਾਲ ਦੀ ਕਰਨ ਇਨਕੁਆਇਰੀ ਲਈ, ਸੰਦਰਭ ਦੀਆਂ ਸ਼ਰਤਾਂ ਲਈ ਹਰ ਪੜਤਾਲਯੋਗ ਮੁੱਦੇ ਦੀ ਇੱਕ ਵਿਸਤ੍ਰਿਤ ਸੂਚੀ ਤੈਅ ਕਰਨਾ ਵਿਹਾਰਿਕ ਨਹੀਂ ਹੈ। ਇਹ ਸੰਭਵ ਨਹੀਂ ਹੋਵੇਗਾ, ਜਾਂ ਸੱਚਮੁੱਚ ਇਸ ਦੀ ਸਲਾਹ ਨਹੀਂ ਦਿੱਤੀ ਜਾਵੇਗੀ ਕਿ ਸਾਡੇ ਕੰਮ ਦੇ ਇਸ ਅਰੰਭਕ ਪੜਾਅ 'ਤੇ ਹਰ ਉਸ ਚੀਜ਼ ਦੀ ਪਛਾਣ ਕੀਤੀ ਜਾਵੇ ਜਿਸਦੀ ਸਾਨੂੰ ਪੜਤਾਲ ਕਰਨ ਦੀ ਲੋੜ ਹੈ ਅਤੇ ਸਾਨੂੰ ਨਵੇਂ ਮੁੱਦਿਆਂ ਦੀ ਜਾਂਚ ਕਰਨ ਲਈ ਲੋਚਸ਼ੀਲਤਾ ਬਣਾਏ ਰੱਖਣ ਦੀ ਲੋੜ ਪਵੇਗੀ ਜਿਵੇਂ ਉਹਨਾਂ ਦੀ ਇਕੱਠੇ ਕੀਤੇ ਸਬੂਤਾਂ ਤੋਂ ਪਛਾਣ ਕੀਤੀ ਜਾਂਦੀ ਹੈ।

ਇਸ ਕਰਕੇ ਸੰਦਰਭ ਦੀਆਂ ਸ਼ਰਤਾਂ ਵਿਆਪਕ ਵਿਸ਼ਿਆਂ ਦੀ ਇੱਕ ਲੜੀ ਨਿਰਧਾਰਤ ਕਰਦੀਆਂ ਹਨ, ਜਿਸਨੂੰ ਇਨਕੁਆਇਰੀ ਦੇ ਅੱਗੇ ਵਧਣ 'ਤੇ, ਮੁੱਦਿਆਂ ਅਤੇ ਤਫ਼ਤੀਸ਼ਾਂ ਦੀ ਇੱਕ ਵੇਰਵੇ-ਸਹਿਤ ਸੂਚੀ ਵਿੱਚ ਵਿਕਸਤ ਕੀਤਾ ਜਾਵੇਗਾ। ਸਾਡਾ ਕਿਸੇ ਮੁੱਦੇ ਦੀ ਜਾਂਚ ਕਰਨ ਦੇ ਯੋਗ ਹੋਣ ਲਈ, ਸੰਦਰਭ ਦੀਆਂ ਸ਼ਰਤਾਂ ਵਿੱਚ ਉਸ ਮੁੱਦੇ ਦਾ ਸਪੱਸ਼ਟ ਤੌਰ 'ਤੇ ਸੂਚੀਬੱਧ ਹੋਣਾ ਜ਼ਰੂਰੀ ਨਹੀਂ ਹੋਵੇਗਾ, ਜਿੰਨਾ ਚਿਰ ਇਹ ਉਹਨਾਂ ਵਿਆਪਕ ਵਿਸ਼ਿਆਂ ਵਿੱਚੋਂ ਇੱਕ ਦੇ ਅੰਦਰ ਫਿੱਟ ਬੈਠਦਾ ਹੈ।

# ਸੰਦਰਭ ਦੀਆਂ ਸ਼ਰਤਾਂ ਕਿਵੇਂ ਤੈਅ ਕੀਤੀਆਂ ਜਾਂਦੀਆਂ ਹਨ?

ਬੈਰੋਨੈਸ ਹੈਲੇਟ ਅਤੇ ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਵਿੱਚ ਮਨੋਨੀਤ ਪ੍ਰਸ਼ਾਸਨਾਂ (Devolved Administrations) ਦੇ ਨਾਲ ਸਲਾਹ-ਮਸ਼ਵਰੇ ਦੀ ਮਿਆਦ ਮਗਰੋਂ, ਪ੍ਰਧਾਨ ਮੰਤਰੀ ਦੁਆਰਾ ਯੂਕੇ ਕੋਵਿਡ-19 ਇਨਕੁਆਇਰੀ ਲਈ ਸੰਦਰਭ ਦੀਆਂ ਸ਼ਰਤਾਂ ਦਾ ਇੱਕ ਮਸੌਦਾ ਤਿਆਰ ਕੀਤਾ ਗਿਆ ਸੀ, ਅਤੇ 9 ਮਾਰਚ 2022 ਨੂੰ ਪ੍ਰਕਾਸ਼ਤ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਨੇ ਬੈਰੋਨੈਸ ਹੈਲੇਟ ਨੂੰ ਸੰਦਰਭ ਦੀਆਂ ਸ਼ਰਤਾਂ ਬਾਰੇ ਇੱਕ ਜਨਤਕ ਸਲਾਹ-ਮਸ਼ਵਰੇ ਦਾ ਆਯੋਜਨ ਕਰਨ ਲਈ ਕਿਹਾ, ਤਾਂ ਜੋ ਆਮ ਲੋਕ ਇਸ ਚੀਜ਼ ਨੂੰ ਪ੍ਰਭਾਵਤ ਕਰਨ ਕਿ ਇਨਕੁਆਇਰੀ ਕਿਹੜੇ ਮੁੱਦਿਆਂ 'ਤੇ ਵਿਚਾਰ ਕਰੇਗੀ।

11 ਮਾਰਚ ਤੋਂ 7 ਅਪ੍ਰੈਲ 2022 ਤਕ, ਅਸੀਂ ਇੱਕ ਸਲਾਹ-ਮਸ਼ਵਰਾ ਚਲਾਇਆ ਜਿਸ ਵਿੱਚ ਇਸ ਬਾਰੇ ਵਿਚਾਰ ਪੁੱਛੇ ਗਏ ਕਿ ਇਨਕੁਆਇਰੀ ਵਿੱਚ ਕਿਸ ਚੀਜ਼ ਦੀ ਪੜਤਾਲ ਹੋਣੀ ਚਾਹੀਦੀ ਹੈ ਅਤੇ ਸਾਨੂੰ ਆਪਣਾ ਕੰਮ ਕਿਵੇਂ ਕਰਨਾ ਚਾਹੀਦਾ ਹੈ। ਇਹ ਸਲਾਹ-ਮਸ਼ਵਰਾ ਸਭਨਾਂ ਲਈ ਖੁੱਲ੍ਹਾ ਸੀ ਅਤੇ ਜਨਤਾ ਸਾਡੀ ਵੈੱਬਸਾਈਟ 'ਤੇ, ਈਮੇਲ ਰਾਹੀਂ ਜਾਂ ਸਾਨੂੰ ਲਿਖ ਕੇ ਯੋਗਦਾਨ ਪਾ ਸਕਦੀ ਸੀ। ਇਸ ਵਿੱਚ ਚਾਰ ਸਵਾਲ ਸਨ:

1. ਕੀ ਇਨਕੁਆਇਰੀ ਦੇ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਉਹ ਸਾਰੇ ਖੇਤਰ ਸ਼ਾਮਲ ਹਨ ਜਿਹਨਾਂ ਨੂੰ ਤੁਹਾਡੇ ਵਿਚਾਰ ਅਨੁਸਾਰ ਇਨਕੁਆਇਰੀ ਦੁਆਰਾ ਨਜਿੱਠਿਆ ਜਾਣਾ ਚਾਹੀਦਾ ਹੈ? ਅਤੇ ਜੇ ਨਹੀਂ, ਤਾਂ ਕਿਰਪਾ ਕਰਕੇ ਕਾਰਨ ਸਪਸ਼ਟ ਕਰੋ।

2. ਤੁਹਾਡੇ ਵਿਚਾਰ ਅਨੁਸਾਰ ਇਨਕੁਆਇਰੀ ਨੂੰ ਸਭ ਤੋਂ ਪਹਿਲਾਂ ਕਿਹੜੇ ਮੁੱਦਿਆਂ ਜਾਂ ਵਿਸ਼ਿਆਂ 'ਤੇ ਧਿਆਨ ਦੇਣਾ ਚਾਹੀਦਾ ਹੈ?

3. ਕੀ ਤੁਹਾਨੂੰ ਲੱਗਦਾ ਹੈ ਕਿ ਇਨਕੁਆਇਰੀ ਨੂੰ ਆਪਣੀਆਂ ਜਨਤਕ ਸੁਣਵਾਈਆਂ ਵਾਸਤੇ ਇੱਕ ਵਿਉਂਤਬੱਧ ਸਮਾਪਤੀ ਤਾਰੀਖ ਤੈਅ ਕਰਨੀ ਚਾਹੀਦੀ ਹੈ, ਤਾਂ ਜੋ ਨਤੀਜਿਆਂ ਅਤੇ ਸਿਫ਼ਾਰਸ਼ਾਂ ਨੂੰ ਸਮੇਂ ਸਿਰ ਯਕੀਨੀ ਬਣਾਉਣ ਵਿੱਚ ਮਦਦ ਮਿਲ ਸਕੇ?

4. ਇਹ ਯਕੀਨੀ ਬਣਾਉਣ ਵਾਸਤੇ ਇਨਕੁਆਇਰੀ ਦੀ ਰੂਪ-ਰੇਖਾ ਕਿਹੋ ਜਿਹੀ ਹੋਵੇ ਅਤੇ ਇਸਦਾ ਸੰਚਾਲਨ ਕਿਵੇਂ ਕੀਤਾ ਜਾਵੇ ਕਿ ਸੋਗਗ੍ਰਸਤ ਲੋਕਾਂ ਜਾਂ ਮਹਾਂਮਾਰੀ ਦੇ ਨਤੀਜੇ ਵਜੋਂ ਗੰਭੀਰ ਨੁਕਸਾਨ ਜਾਂ ਔਕੜਾਂ ਝੱਲ ਚੁੱਕੇ ਲੋਕਾਂ ਦੀਆਂ ਅਵਾਜ਼ਾਂ ਸੁਣੀਆਂ ਜਾਣ?

ਇਸ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ, ਬੈਰੋਨੈਸ ਹੈਲੇਟ ਨੇ ਯੂਕੇ ਦੇ ਆਸ-ਪਾਸ ਦੇ ਸ਼ਹਿਰਾਂ ਵਿੱਚ ਸੋਗਗ੍ਰਸਤ ਪਰਿਵਾਰਾਂ ਨਾਲ ਮੁਲਾਕਾਤ ਕਰਕੇ, ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਬਾਰੇ ਉਹਨਾਂ ਦੇ ਵਿਚਾਰਾਂ ਨੂੰ ਜਾਣਿਆ।

ਨਾਲ ਹੀ, ਇਨਕੁਆਇਰੀ ਟੀਮ ਨੇ 'ਗੋਲਮੇਜ਼' ਚਰਚਾਵਾਂ ਵਿੱਚ 140 ਤੋਂ ਵੱਧ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਵੀ ਮੁਲਾਕਾਤ ਕੀਤੀ, ਜਿਹਨਾਂ ਵਿੱਚ ਹੋਰਨਾਂ ਤੋਂ ਇਲਾਵਾ ਬਰਾਬਰੀ ਅਤੇ ਵਿਭਿੰਨਤਾ, ਸਿਹਤ-ਸੰਭਾਲ, ਕਾਰੋਬਾਰ, ਅਤੇ ਸਿੱਖਿਆ ਤੇ ਨੌਜਵਾਨ ਲੋਕ ਵਰਗੇ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਸੀ। ਇਹਨਾਂ ਗੋਲਮੇਜ਼ ਪ੍ਰੋਗਰਾਮਾਂ ਵਿੱਚੋਂ ਹਰੇਕ ਦਾ ਉਤਾਰਾ ਸਾਡੀ ਵੈੱਬਸਾਈਟ 'ਤੇ ਉਪਲਬਧ ਹੈ।

ਕੁੱਲ ਮਿਲਾ ਕੇ ਸਾਨੂੰ ਸਲਾਹ-ਮਸ਼ਵਰੇ ਲਈ 20,061 ਪ੍ਰਤਿਕਿਰਿਆਵਾਂ ਮਿਲੀਆਂ, ਜਿਹਨਾਂ ਵਿੱਚੋਂ 19,903 ਸਾਡੇ ਆਨਲਾਈਨ ਸਲਾਹ-ਮਸ਼ਵਰਾ ਫ਼ਾਰਮ ਰਾਹੀਂ ਮਿਲੀਆਂ ਸਨ। ਅਸੀਂ ਪ੍ਰਤਿਕਿਰਿਆਵਾਂ ਦਾ ਵਿਸ਼ਲੇਸ਼ਣ ਕਰਨ ਅਤੇ ਇੱਕ ਵਿਆਪਕ ਸੁਤੰਤਰ ਰਿਪੋਰਟ ਤਿਆਰ ਕਰਨ, ਉੱਤਰਦਾਤਾਵਾਂ ਦੇ ਵਿਚਾਰਾਂ ਅਤੇ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਤੋਂ ਉਭਰੇ ਅਹਿਮ ਵਿਸ਼ਿਆਂ ਦਾ ਸਾਰ ਤਿਆਰ ਕਰਨ ਲਈ ਇੱਕ ਸੁਤੰਤਰ ਖੋਜ ਸਲਾਹਕਾਰ ਸੰਸਥਾ, ਐਲਮਾ ਇਕਨੌਮਿਕਸ (Alma Economics) ਨੂੰ ਨਿਯੁਕਤ ਕੀਤਾ। ਉਹ ਰਿਪੋਰਟ ਸਾਡੀ ਵੈੱਬਸਾਈਟ 'ਤੇ ਅਲੱਗ ਤੋਂ ਮਿਲ ਸਕਦੀ ਹੈ।

ਬੈਰੋਨੈਸ ਹੈਲੇਟ ਨੇ ਸਲਾਹ-ਮਸ਼ਵਰੇ ਦੀ ਮਿਆਦ ਦੌਰਾਨ ਪ੍ਰਾਪਤ ਹੋਏ ਸਾਰੇ ਸਬੂਤਾਂ 'ਤੇ ਵਿਚਾਰ ਕੀਤਾ ਹੈ ਅਤੇ ਇਹ ਨਤੀਜਾ ਕੱਢਿਆ ਹੈ ਕਿ ਉਠਾਏ ਗਏ ਮੁੱਦਿਆਂ ਦੇ ਜਵਾਬ ਵਿੱਚ ਸੰਦਰਭ ਦੀਆਂ ਸ਼ਰਤਾਂ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਦੀ ਲੋੜ ਹੈ। ਇਹ ਦਸਤਾਵੇਜ਼ ਪਛਾਣੇ ਗਏ ਅਹਿਮ ਵਿਸ਼ਿਆਂ 'ਤੇ ਵਿਚਾਰ ਕਰਦਾ ਹੈ ਅਤੇ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਉਹਨਾਂ ਤਬਦੀਲੀਆਂ ਨੂੰ ਨਿਰਧਾਰਤ ਕਰਦਾ ਹੈ ਜਿਹਨਾਂ ਬਾਰੇ ਉਹ ਪ੍ਰਧਾਨ ਮੰਤਰੀ ਨੂੰ ਸਿਫ਼ਾਰਸ਼ ਕਰ ਰਹੇ ਹਨ। ਇਸ ਸੰਖੇਪ ਦਸਤਾਵੇਜ਼ ਵਿੱਚ ਫ਼ੋਕਸ ਸਲਾਹ-ਮਸ਼ਵਰੇ ਦੇ ਸਵਾਲ 1, ਖੁਦ ਸੰਦਰਭ ਦੀਆਂ ਸ਼ਰਤਾਂ ਬਾਰੇ ਪ੍ਰਾਪਤ ਹੋਏ ਵਿਚਾਰਾਂ 'ਤੇ ਹੈ। 2, 3 ਅਤੇ 4 ਨੰਬਰ ਸਵਾਲਾਂ ਬਾਰੇ ਅਸੀਂ ਜੋ ਵਿਚਾਰ ਸੁਣੇ ਹਨ, ਉਹ ਬੈਰੋਨੈਸ ਹੈਲੇਟ ਦੀ ਇਸ ਸੋਚ ਬਾਰੇ ਦੱਸਣਗੇ ਕਿ ਉਹ ਸੰਦਰਭ ਦੀਆਂ ਸ਼ਰਤਾਂ ਨੂੰ ਅੰਤਿਮ ਰੂਪ ਦੇ ਦਿੱਤੇ ਜਾਣ ਮਗਰੋਂ ਇਨਕੁਆਇਰੀ ਨੂੰ ਕਿਵੇਂ ਚਲਾਉਣਗੇ।

# ਸਲਾਹ-ਮਸ਼ਵਰੇ ਦਾ ਵਿਸ਼ਲੇਸ਼ਣ ਅਤੇ ਨਤੀਜਿਆਂ ਦਾ ਸਾਰ

ਇਹ ਭਾਗ ਸੰਦਰਭ ਦੀਆਂ ਸ਼ਰਤਾਂ ਦੇ ਸਬੰਧ ਵਿੱਚ ਉੱਤਰਦਾਤਾਵਾਂ ਦੁਆਰਾ ਚੁੱਕੇ ਗਏ ਅਹਿਮ ਮੁੱਦਿਆਂ ਦੀ ਪੜਚੋਲ ਕਰਦਾ ਹੈ। ਇਹਨਾਂ ਦੀ ਪਛਾਣ ਸਾਨੂੰ ਪ੍ਰਾਪਤ ਹੋਏ ਉਹਨਾਂ ਸਬੂਤਾਂ ਦੇ ਵਿਸ਼ਲੇਸ਼ਣ ਜ਼ਰੀਏ ਕੀਤੀ ਗਈ ਸੀ, ਜੋ ਐਲਮਾ ਇਕਨੌਮਿਕਸ ਦੁਆਰਾ ਸੁਤੰਤਰ ਰੂਪ ਵਿੱਚ ਕੀਤਾ ਗਿਆ ਸੀ।

ਕੁਝ ਕੇਸਾਂ ਵਿੱਚ ਉੱਤਰਦਾਤਾਵਾਂ ਨੇ ਮਹਾਂਮਾਰੀ ਪ੍ਰਤਿਕਿਰਿਆ ਦੇ ਉਹਨਾਂ ਵਿਸਤ੍ਰਿਤ ਪਹਿਲੂਆਂ ਬਾਰੇ ਸਵਾਲ ਚੁੱਕੇ ਜੋ ਪਹਿਲਾਂ ਹੀ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਦੇ ਵਿਆਪਕ ਕਾਰਜ-ਖੇਤਰ ਵਿੱਚ ਆਉਂਦੇ ਹਨ, ਭਾਵੇਂ ਵਿਸਤ੍ਰਿਤ ਮੁੱਦਿਆਂ ਦਾ ਸਪਸ਼ਟ ਰੂਪ ਵਿੱਚ ਜ਼ਿਕਰ ਨਾ ਵੀ ਕੀਤਾ ਗਿਆ ਹੋਵੇ। ਦੂਜੇ ਕੇਸਾਂ ਵਿੱਚ, ਉੱਤਰਦਾਤਾਵਾਂ ਨੇ ਅਜਿਹੇ ਮੁੱਦੇ ਚੁੱਕੇ ਹਨ ਜੋ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਸ਼ਾਮਲ ਨਹੀਂ ਕੀਤੇ ਗਏ ਹਨ, ਜਾਂ ਜਿੱਥੇ ਉਹਨਾਂ ਮੁੱਦਿਆਂ ਦੇ ਸ਼ਾਮਲ ਕੀਤੇ ਜਾਣ ਨੂੰ ਹੋਰ ਸਪਸ਼ਟ ਬਣਾਉਣ ਲਈ ਸੰਦਰਭ ਦੀਆਂ ਸ਼ਰਤਾਂ ਨੂੰ ਸੋਧਿਆ ਜਾ ਸਕਦਾ ਸੀ।

# ਸਵਾਲ 1: ਕੀ ਇਨਕੁਆਇਰੀ ਦੇ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਉਹ ਸਾਰੇ ਖੇਤਰ ਸ਼ਾਮਲ ਹਨ ਜੋ ਤੁਹਾਡੇ ਵਿਚਾਰ ਅਨੁਸਾਰ ਇਨਕੁਆਇਰੀ ਦੇ ਦਾਇਰੇ ਵਿੱਚ ਆਉਣੇ ਚਾਹੀਦੇ ਹਨ?

## ਬੱਚਿਆਂ ਅਤੇ ਨੌਜਵਾਨਾਂ ਉੱਪਰ ਮਹਾਂਮਾਰੀ ਦਾ ਪ੍ਰਭਾਵ

ਸਲਾਹ-ਮਸ਼ਵਰੇ ਦੇ ਦੌਰਾਨ ਸਭ ਤੋਂ ਵੱਧ ਸਪਸ਼ਟ ਰੂਪ ਵਿੱਚ ਜਿਸ ਵਿਸ਼ੇ ਉੱਪਰ ਜ਼ੋਰ ਦਿੱਤਾ ਗਿਆ ਸੀ, ਉਹ ਇਹ ਸੀ ਕਿ ਇਨਕੁਆਇਰੀ ਵਿੱਚ ਬੱਚਿਆਂ ਅਤੇ ਨੌਜਵਾਨਾਂ ਉੱਪਰ ਮਹਾਂਮਾਰੀ ਦੇ ਖਾਸ ਅਸਰ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਉੱਤਰਦਾਤਾਵਾਂ ਨੇ ਸੁਝਾਇਆ ਕਿ ਬੱਚਿਆਂ ਉੱਪਰ ਬਾਲਗਾਂ ਨਾਲੋਂ ਵੱਖਰੇ ਤਰੀਕੇ ਨਾਲ ਅਸਰ ਪਿਆ ਸੀ, ਕੋਵਿਡ-19 ਲਾਗ ਤੋਂ ਉਹਨਾਂ ਦੀ ਸਰੀਰਕ ਸਿਹਤ ਲਈ ਜੋਖਮ ਮੁਕਾਬਲਤਨ ਕਾਫ਼ੀ ਘੱਟ ਸੀ, ਪਰ ਉਹਨਾਂ ਦੇ ਸਰੀਰਕ, ਭਾਵਨਾਤਮਕ ਅਤੇ ਸਮਾਜਕ ਵਿਕਾਸ ਲਈ ਬਹੁਤ ਸਾਰੇ ਚਿਰਕਾਲੀ ਜੋਖਮ ਸਨ।

ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਇਨਕੁਆਇਰੀ ਲਈ '*ਸਿੱਖਿਆ ਦੇ ਸਥਾਨਾਂ 'ਤੇ ਹਾਜ਼ਰੀ ਉੱਪਰ ਪਾਬੰਦੀਆਂ* ਦੇ ਸਬੰਧ ਵਿੱਚ ਮਹਾਂਮਾਰੀ ਦੇ ਅਸਰ ਦੀ ਜਾਂਚ ਕਰਨ ਦੀ ਵਿਵਸਥਾ ਸ਼ਾਮਲ ਸੀ। ਹਾਲਾਂਕਿ ਇਸ ਨਾਲ ਉਹਨਾਂ ਪਾਬੰਦੀਆਂ ਤੋਂ ਉਪਜਣ ਵਾਲੇ ਮੁੱਦਿਆਂ - ਜਿਵੇਂ ਕਿ ਮੁਫ਼ਤ ਸਕੂਲੀ ਭੋਜਨ ਦਾ ਪ੍ਰਬੰਧ, ਬ੍ਰੌਡਬੈਂਡ ਅਤੇ ਲੈਪਟਾਪਾਂ ਤਕ ਪਹੁੰਚ ਵਿੱਚ ਨਾਬਰਾਬਰੀ ਦਾ ਅਸਰ, ਜਾਂ ਪ੍ਰੀਖਿਆ ਦਸਤੇ 'ਤੇ ਅਸਰ ਦੀ ਜਾਂਚ-ਪੜਤਾਲ ਦੀ ਆਗਿਆ ਮਿਲ ਜਾਂਦੀ - ਇਹ ਵੀ ਸਪਸ਼ਟ ਹੈ ਕਿ ਇਨਕੁਆਇਰੀ ਨੂੰ ਸਿੱਖਿਆ ਤੋਂ ਪਰੇ ਕਿਤੇ ਵਧੇਰੇ ਵਿਆਪਕ ਤਰ੍ਹਾਂ ਦੇ ਪ੍ਰਭਾਵਾਂ ਦੀ ਜਾਂਚ-ਪੜਤਾਲ ਕਰਨ ਦੇ ਯੋਗ ਹੋਣਾ ਪਵੇਗਾ।

ਅਸੀਂ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੇ ਜ਼ਰੀਏ ਬੱਚਿਆਂ ਅਤੇ ਨੌਜਵਾਨਾਂ 'ਤੇ ਅਸਰ ਪਾਉਣ ਵਾਲੇ ਮੁੱਦਿਆਂ ਬਾਰੇ ਸੁਣਿਆ, ਜਿਹਨਾਂ ਵਿੱਚ ਸ਼ਾਮਲ ਹਨ:

- **ਸ਼ੁਰੂਆਤੀ ਸਾਲਾਂ ਦੀਆਂ ਸੈਟਿੰਗਾਂ** —ਉੱਤਰਦਾਤਾਵਾਂ ਨੇ ਇਹਨਾਂ ਸੇਵਾਵਾਂ 'ਤੇ ਪਾਬੰਦੀਆਂ ਦਾ ਛੋਟੇ ਬੱਚਿਆਂ ਦੇ ਸਮਾਜਕ ਵਿਕਾਸ ਉੱਪਰ ਜੋ ਅਸਰ ਪਿਆ ਹੈ ਉਸ ਬਾਰੇ ਖਾਸ ਚਿੰਤਾਵਾਂ ਦੇ ਨਾਲ, ਸੰਦਰਭ ਦੀਆਂ ਸ਼ਰਤਾਂ

ਵਿੱਚ ਸ਼ੁਰੂਆਤੀ ਸਾਲਾਂ ਦੀਆਂ ਸੈਟਿੰਗਾਂ ਨੂੰ ਵਧੇਰੇ ਸਪਸ਼ਟਤਾ ਨਾਲ ਸ਼ਾਮਲ ਕਰਨ ਲਈ ਸਪਸ਼ਟ ਬਣਾਏ ਜਾਣ ਲਈ ਕਿਹਾ।

- **ਬੱਚਿਆਂ ਦੀ ਸੁਰੱਖਿਆ, ਸੁਰੱਖਿਅਤ ਰੱਖਣ ਦੀਆਂ ਸੇਵਾਵਾਂ, ਅਤੇ ਦੇਖਭਾਲ ਵਿੱਚ ਬੱਚੇ** — ਬਹੁਤ ਸਾਰੀਆਂ ਪ੍ਰਤਿਕਿਰਿਆਵਾਂ ਵਿੱਚ ਕਮਜ਼ੋਰ ਬੱਚਿਆਂ ਦੇ ਦਿਖਾਈ ਦੇਣ ਵਿੱਚ ਕਮੀ ਦਾ ਹਵਾਲਾ ਦਿੰਦੇ ਹੋਏ ਬੱਚਿਆਂ ਦੀ ਸੁਰੱਖਿਆ ਅਤੇ ਉਹਨਾਂ ਨੂੰ ਸੁਰੱਖਿਅਤ ਰੱਖਣ ਦੇ ਮੁੱਦਿਆਂ ਬਾਰੇ ਚਿੰਤਾਵਾਂ ਨੂੰ ਵਾਰ-ਵਾਰ ਪ੍ਰਗਟਾਇਆ ਗਿਆ ਸੀ, ਜਦਕਿ ਸਕੂਲਾਂ, GPs ਅਤੇ ਬੱਚਿਆਂ ਦੇ ਕੇਂਦਰਾਂ ਵਰਗੀਆਂ ਸੇਵਾਵਾਂ ਨੂੰ ਘਟਾ ਦਿੱਤਾ ਜਾਂ ਬੰਦ ਕਰ ਦਿੱਤਾ ਗਿਆ ਸੀ, ਅਤੇ ਇਸਦਾ ਬੱਚਿਆਂ ਪ੍ਰਤੀ ਅਣਗਹਿਲੀ ਅਤੇ ਬਦਸਲੂਕੀ 'ਤੇ ਅਸਰ ਪਿਆ ਸੀ।

- **ਮਾਨਸਿਕ ਸਿਹਤ ਅਤੇ ਤੰਦਰੁਸਤੀ** — ਉੱਤਰਦਾਤਾਵਾਂ ਨੇ ਮਹਾਂਮਾਰੀ ਦੇ ਦੌਰਾਨ ਨੌਜਵਾਨ ਲੋਕਾਂ ਵਿੱਚ ਬੇਚੈਨੀ ਅਤੇ ਇਕੱਲੇਪਣ 'ਚ ਵਾਧੇ ਬਾਰੇ ਦੱਸਿਆ, ਅਤੇ ਉਹਨਾਂ ਲੋੜਾਂ ਦੀ ਪੂਰਤੀ ਲਈ ਬੱਚਿਆਂ ਅਤੇ ਕਿਸ਼ੋਰਾਂ ਲਈ ਮਾਨਸਿਕ ਸਿਹਤ ਸੇਵਾਵਾਂ (Children and Adolescent Mental Health Services) ਦੀ ਸਮਰੱਥਾ 'ਤੇ ਸਵਾਲ ਉਠਾਏ। ਕਈ ਪ੍ਰਤਿਕਿਰਿਆਵਾਂ ਨੇ ਮਨ-ਪਰਚਾਵੇ ਅਤੇ ਖੇਡਣ ਦੇ ਸਥਾਨਾਂ ਜਿਵੇਂ ਕਿ ਖੇਡ ਮੈਦਾਨਾਂ ਦੇ ਬੰਦ ਹੋਣ ਨੂੰ ਇੱਕ ਕਾਰਕ ਵਜੋਂ ਦੱਸਦਿਆਂ, ਸਰੀਰਕ ਅਤੇ ਸਮਾਜਕ ਵਿਕਾਸ 'ਤੇ ਮਹਾਂਮਾਰੀ ਦੇ ਨੁਕਸਾਨਦਾਇਕ ਅਸਰ ਦਾ ਵੀ ਜ਼ਿਕਰ ਕੀਤਾ।

- **ਸੁਰੱਖਿਅਤ ਰਿਹਾਇਸ਼ੀ ਸੈਟਿੰਗਾਂ ਵਿੱਚ ਬੱਚੇ** — ਕੁਝ ਉੱਤਰਦਾਤਾਵਾਂ ਵਿੱਚ ਉਤਸੁਕਤਾ ਸੀ ਕਿ ਇਨਕੁਆਇਰੀ ਸੁਰੱਖਿਅਤ ਬਾਲ ਘਰਾਂ ਵਿਚਲੇ ਬੱਚਿਆਂ 'ਤੇ ਮਹਾਂਮਾਰੀ ਦੇ ਅਸਰ ਬਾਰੇ ਸੋਚ-ਵਿਚਾਰ ਕਰੇ, ਜਿਵੇਂ ਕਿ ਮਾਪਿਆਂ ਨਾਲ ਵਿਅਕਤੀਗਤ ਰੂਪ ਵਿੱਚ ਸੰਪਰਕ ਦੀ ਕਮੀ ਦਾ ਅਸਰ। ਉੱਤਰਦਾਤਾਵਾਂ ਨੇ ਹਿਰਾਸਤੀ ਸੈਟਿੰਗਾਂ ਵਿੱਚ ਬੱਚਿਆਂ ਉੱਪਰ ਅਸਰ ਬਾਰੇ ਮੁੱਦਿਆਂ ਨੂੰ ਵੀ ਚੁੱਕਿਆ, ਜਿਵੇਂ ਕਿ ਆਪੋ-ਆਪਣੇ ਕਮਰਿਆਂ ਵਿੱਚ ਵਧੇ ਹੋਏ ਅਰਸੇ ਤਕ ਕੈਦ ਰਹਿਣ ਦਾ ਅਸਰ, ਅਤੇ ਸਿੱਖਿਆ ਤਕ ਸੀਮਤ ਪਹੁੰਚ।

- **ਸ਼ਿਸ਼ੂ ਅਤੇ ਜਣੇਪਾ ਸੇਵਾਵਾਂ** — ਮਹਾਂਮਾਰੀ ਦੇ ਸ਼ਿਸ਼ੂਆਂ ਉੱਪਰ ਅਸਰ ਨੂੰ ਵਾਰ-ਵਾਰ ਨੋਟ ਕੀਤਾ ਗਿਆ ਸੀ, ਉੱਤਰਦਾਤਾਵਾਂ ਨੇ ਇਨਕੁਆਇਰੀ ਨੂੰ ਪ੍ਰਸੂਤੀ ਉਪਰੰਤ ਵਿਅਕਤੀਗਤ ਰੂਪ ਵਿੱਚ ਦਾਈ ਕੋਲ ਅਤੇ ਸਿਹਤ ਸਬੰਧੀ ਮੁਲਾਕਾਤਾਂ 'ਤੇ ਪਾਬੰਦੀਆਂ ਸਬੰਧੀ ਅੜਚਣਾਂ, ਅਤੇ ਲਾਕਡਾਊਨ ਦੌਰਾਨ ਘਰ ਤੋਂ ਬਾਹਰ ਸੀਮਤ ਪਰਸਪਰ ਸੰਪਰਕ ਤੋਂ ਸ਼ਿਸ਼ੂਆਂ ਦੇ ਸਮਾਜਕ ਅਤੇ ਸਰੀਰਕ ਵਿਕਾਸ ਉੱਪਰ ਅਸਰ 'ਤੇ ਵਿਚਾਰ ਕਰਨ ਲਈ ਕਿਹਾ ਸੀ। ਉੱਤਰਦਾਤਾਵਾਂ ਨੇ ਗਰਭ ਅਵਸਥਾ ਦੌਰਾਨ ਔਖੇ ਅਨੁਭਵਾਂ ਤੋਂ ਮਾਪਿਆਂ 'ਤੇ ਮਾਨਸਿਕ ਸਿਹਤ ਦੇ ਪ੍ਰਭਾਵ ਬਾਰੇ ਚਿੰਤਾਵਾਂ ਵੀ ਉਠਾਈਆਂ — ਜਿਵੇਂ ਕਿ ਸਕੈਨ ਕਰਾਉਣ ਜਾਣਾ ਅਤੇ ਕਿਸੇ ਸਾਥੀ ਦੀ ਮੌਜੂਦਗੀ ਦੇ ਸਹਾਰੇ ਤੋਂ ਬਗੈਰ ਜਨਮ ਦੇਣਾ।

ਸਲਾਹ-ਮਸ਼ਵਰੇ ਦੌਰਾਨ ਰਾਏ ਦੇ ਜ਼ਬਰਦਸਤ ਮਹੱਤਵ ਦੇ ਮੱਦੇਨਜ਼ਰ, ਬੈਰੋਨੈਸ ਹੈਲੇਟ ਇਸ ਗੱਲ 'ਤੇ ਸਹਿਮਤ ਹਨ ਕਿ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਬੱਚਿਆਂ ਅਤੇ ਨੌਜਵਾਨਾਂ 'ਤੇ ਅਸਰ ਉੱਪਰ ਵਧੇਰੇ ਵਿਆਪਕ ਸੋਚ-ਵਿਚਾਰ ਲਈ ਸਪਸ਼ਟ ਰੂਪ ਵਿੱਚ ਆਗਿਆ ਦੇਣ ਵਾਸਤੇ ਸੋਧ ਕੀਤੀ ਜਾਣੀ ਚਾਹੀਦੀ ਹੈ। ਇਸ ਕਰਕੇ ਉਹ **ਸੰਦਰਭ ਦੀਆਂ ਸ਼ਰਤਾਂ ਵਿੱਚ, ਇਨਕੁਆਇਰੀ ਦੇ ਪਹਿਲੇ ਉਦੇਸ਼ ਦੇ ਅੰਦਰ ਸੋਚ-ਵਿਚਾਰ ਦੇ ਹੇਠਾਂ ਦੱਸੇ ਵਿਸ਼ੇਸ਼ ਖੇਤਰਾਂ ਨੂੰ ਸ਼ਾਮਲ ਕਰਨ ਦੀ ਸਿਫਾਰਸ਼ ਕਰਦੇ ਹਨ:**

- ***ਸਿਹਤ, ਤੰਦਰੁਸਤੀ ਅਤੇ ਸਮਾਜਕ ਦੇਖਭਾਲ ਸਮੇਤ, ਬੱਚਿਆਂ ਅਤੇ ਨੌਜਵਾਨਾਂ*'ਤੇ ਅਸਰ**;

- ***ਸਿੱਖਿਆ ਅਤੇ ਸ਼ੁਰੂਆਤੀ ਸਾਲਾਂ ਦਾ ਪ੍ਰਬੰਧ; ਅਤੇ***
- ***ਜਣੇਪੇ ਤੋਂ ਪਹਿਲਾਂ ਅਤੇ ਜਣੇਪੇ ਤੋਂ ਬਾਅਦ ਦੀ ਦੇਖਭਾਲ।***

ਬਹੁਤ ਸਾਰੇ ਵਿਸ਼ੇਸ਼ ਸੰਦਰਭ ਸਨ ਜਿਹਨਾਂ ਨੂੰ ਸੰਦਰਭ ਦੀਆਂ ਸ਼ਰਤਾਂ ਵਿੱਚ ਸ਼ਾਮਲ ਕੀਤੇ ਜਾਣ ਦੀ ਲੋੜ ਨਹੀਂ ਹੈ (ਉਦਾਹਰਨ ਲਈ, ਸੁਰੱਖਿਅਤ ਰਿਹਾਇਸ਼ ਵਿੱਚ ਬੱਚਿਆਂ 'ਤੇ), ਕਿਉਂਕਿ ਪ੍ਰਸਤਾਵਿਤ ਵਾਧੇ ਇਨਕੁਆਇਰੀ ਨੂੰ ਉਠਾਏ ਗਏ ਚਿੰਤਾਜਨਕ ਮੁੱਦਿਆਂ ਦੀ ਪੂਰੀ ਤਰ੍ਹਾਂ ਨਾਲ ਪੜਤਾਲ ਕਰਨ ਦਾ ਅਧਿਕਾਰ ਦੇਣਗੇ।

## ਮਹਾਂਮਾਰੀ ਦੌਰਾਨ ਸਿਹਤ ਅਤੇ ਦੇਖਭਾਲ ਸੈਕਟਰਾਂ ਦਾ ਪ੍ਰਬੰਧਨ

ਸਿਹਤ ਅਤੇ ਦੇਖਭਾਲ ਸੈਕਟਰਾਂ ਵਿੱਚ ਮਹਾਂਮਾਰੀ ਦਾ ਪ੍ਰਬੰਧਨ ਸਲਾਹ-ਮਸ਼ਵਰੇ ਦੇ ਅੰਦਰ ਵਿਆਪਕ ਪੱਧਰ 'ਤੇ ਜ਼ੋਰ ਦਿੱਤਾ ਗਿਆ ਵਿਸ਼ਾ ਸੀ। ਉਠਾਏ ਜਾ ਰਹੇ ਕਈ ਮੁੱਦੇ ਪਹਿਲਾਂ ਤੋਂ ਹੀ '*ਯੂਕੇ ਭਰ ਵਿੱਚ ਸਿਹਤ ਅਤੇ ਦੇਖਭਾਲ ਸੈਕਟਰ ਦੀ ਪ੍ਰਤਿਕਿਰਿਆ* ਨਾਲ ਸਬੰਧਤ ਸੰਦਰਭ ਦੀਆਂ ਸ਼ਰਤਾਂ ਦੇ ਸੈਕਸ਼ਨਾਂ ਵਿੱਚ ਸ਼ਾਮਲ ਹੋਣਗੇ — ਉਦਾਹਰਣ ਵਜੋਂ, PPE ਦੇ ਪ੍ਰਬੰਧ, ਗੈਰ-ਕੋਵਿਡ ਸਿਹਤ-ਸੰਭਾਲ ਦੇ ਪ੍ਰਬੰਧ 'ਤੇ ਅਸਰ, ਅਤੇ ਦੇਖਭਾਲ ਘਰਾਂ ਵਿੱਚ ਚੁੱਕੇ ਗਏ ਕਦਮਾਂ ਦੇ ਢੁਕਵੇਂਪਣ ਨਾਲ ਸਬੰਧਤ ਉਠਾਏ ਗਏ ਮੁੱਦੇ।

### ਦੇਖਭਾਲ ਘਰਾਂ ਤੋਂ ਬਾਹਰ ਮੁਹੱਈਆ ਕਰਾਈ ਗਈ ਦੇਖਭਾਲ

ਸਲਾਹ-ਮਸ਼ਵਰੇ ਦੀਆਂ ਪ੍ਰਤਿਕਿਰਿਆਵਾਂ ਵਿੱਚ ਅਕਸਰ ਇਹ ਜ਼ਿਕਰ ਕੀਤਾ ਗਿਆ ਕਿ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਦਾ '*ਦੇਖਭਾਲ ਘਰਾਂ ਅਤੇ ਦੂਜੀਆਂ ਦੇਖਭਾਲ ਸੈਟਿੰਗਾਂ ਵਿੱਚ ਮਹਾਂਮਾਰੀ ਦੇ ਪ੍ਰਬੰਧਨ*' ਨਾਲ ਸਬੰਧਤ ਸੈਕਸ਼ਨ ਇਸ ਪੱਖੋਂ ਲੋੜੀਂਦੇ ਰੂਪ ਵਿੱਚ ਸਪਸ਼ਟ ਨਹੀਂ ਸੀ ਕਿ '*ਦੂਜੀਆਂ ਦੇਖਭਾਲ ਸੈਟਿੰਗਾਂ*' ਦੇ ਕਾਰਜ-ਖੇਤਰ ਵਿੱਚ ਕੀ ਕੁਝ ਸ਼ਾਮਲ ਹੈ।

ਉੱਤਰਦਾਤਾਵਾਂ ਨੇ ਨੋਟ ਕੀਤਾ ਕਿ ਦੇਖਭਾਲ ਦਾ ਵੱਡਾ ਹਿੱਸਾ ਅਵੇਤਨਕ ਪਰਿਵਾਰ ਦੇ ਜੀਆਂ, ਦੋਸਤਾਂ ਜਾਂ ਗੁਆਂਢੀਆਂ ਦੁਆਰਾ ਮੁਹੱਈਆ ਕਰਾਇਆ ਜਾਂਦਾ ਹੈ ਜੋ ਇੱਕ ਅਜਿਹੇ ਕਮਜ਼ੋਰ ਵਿਅਕਤੀ ਨੂੰ ਸਹਾਰਾ ਪ੍ਰਦਾਨ ਕਰਦੇ ਹਨ ਜੋ ਉਸ ਸਹਾਰੇ ਤੋਂ ਬਗੈਰ ਕੰਮ ਨਹੀਂ ਚਲਾ ਸਕਦਾ ਸੀ। ਸੋਗਗ੍ਰਸਤ ਪਰਿਵਾਰਾਂ ਨਾਲ ਬੈਠਕਾਂ ਵਿੱਚ ਇਹ ਗੱਲ ਵਿਸ਼ੇਸ਼ ਜ਼ੋਰ ਦੇ ਕੇ ਕਹੀ ਗਈ ਸੀ। 2011 ਦੀ ਜਨਗਣਨਾ ਵਿੱਚ, ਯੂਕੇ ਵਿੱਚ 6.5 ਮਿਲੀਅਨ ਅਵੇਤਨਕ ਦੇਖਭਾਲਕਰਤਾ ਸਨ, ਪਰ ਮੰਨਿਆ ਜਾਂਦਾ ਹੈ ਕਿ ਉਸ ਸਮੇਂ ਤੋਂ ਬਾਅਦ ਇਹ ਅੰਕੜਾ ਕਾਫ਼ੀ ਵੱਧ ਗਿਆ ਹੈ, ਅਤੇ ਵਿਸ਼ੇਸ਼ ਕਰਕੇ ਮਹਾਂਮਾਰੀ ਦੇ ਦੌਰਾਨ। ਉੱਤਰਦਾਤਾਵਾਂ ਨੇ ਕਿਹਾ ਹੈ ਕਿ ਇਨਕੁਆਇਰੀ ਮਹਾਂਮਾਰੀ ਦੇ ਅਵੇਤਨਕ ਦੇਖਭਾਲਕਰਤਾਵਾਂ 'ਤੇ ਪਏ ਅਸਰ, ਅਤੇ ਇਸਦੇ ਨਾਲ ਹੀ PPE ਤਕ ਉਹਨਾਂ ਦੀ ਪਹੁੰਚ ਵਰਗੇ ਮੁੱਦਿਆਂ ਦੀ ਵੀ ਪੜਚੋਲ ਕਰੇ।

ਬੈਰੋਨੈਸ ਹੈਲੇਟ **ਇਸ ਗੱਲ ਨਾਲ ਸਹਿਮਤ ਹਨ ਕਿ ਇਸਦਾ ਵਧੇਰੇ ਸਪਸ਼ਟ ਜ਼ਿਕਰ ਹੋਵੇ, ਅਤੇ ਇਸ ਲਈ ਸੰਦਰਭ ਦੀਆਂ ਸ਼ਰਤਾਂ ਦੇ ਪਹਿਲੇ ਉਦੇਸ਼ ਵਿੱਚ ਇਹ ਸ਼ਾਮਲ ਕੀਤੇ ਜਾਣ ਦੀ ਸਿਫ਼ਾਰਿਸ਼ ਕਰਦੇ ਹਨ:**

- ***ਘਰ ਵਿੱਚ ਦੇਖਭਾਲ, ਅਵੇਤਨਕ ਦੇਖਭਾਲਕਰਤਾਵਾਂ ਦੁਆਰਾ ਦੇਖਭਾਲ ਸਮੇਤ;***

ਸਲਾਹ-ਮਸ਼ਵਰੇ ਦੇ ਹੋਰਨਾਂ ਉੱਤਰਦਾਤਾਵਾਂ ਨੇ ਜ਼ਿਕਰ ਕੀਤਾ ਕਿ ਉਹਨਾਂ ਨੂੰ ਲੱਗਦਾ ਹੈ ਇਹ ਗੱਲ ਸਪਸ਼ਟ ਨਹੀਂ ਹੈ ਕਿ '*ਦੂਜੀਆਂ ਦੇਖਭਾਲ ਸੈਟਿੰਗਾਂ*' ਦੇ ਸੰਦਰਭ ਵਿੱਚ ਰਿਹਾਇਸ਼ੀ ਦੇਖਭਾਲ ਘਰਾਂ ਤੋਂ ਬਾਹਰ ਦੂਜੀਆਂ ਦੇਖਭਾਲ ਸੇਵਾਵਾਂ ਸ਼ਾਮਲ ਹਨ ਜਾਂ ਨਹੀਂ — ਉਦਾਹਰਣ ਲਈ, ਸਹਾਇਕ ਰਹਿਣ-ਸਹਿਣ ਸਬੰਧੀ ਸੇਵਾਵਾਂ (supported living services), ਕਮਿਉਨਿਟੀ-ਅਧਾਰਤ ਸੇਵਾਵਾਂ, ਅਤੇ ਰਾਹਤ (respite) ਦੇਖਭਾਲ। ਉੱਤਰਦਾਤਾਵਾਂ ਨੇ ਮਹਿਸੂਸ

ਕੀਤਾ ਕਿ ਮਸੌਦੇ ਦੀ ਸ਼ਬਦਾਵਲੀ ਵਿੱਚ ਸਪਸ਼ਟ ਤੌਰ 'ਤੇ ਬਜ਼ੁਰਗਾਂ ਨੂੰ ਮੁਹੱਈਆ ਕਰਾਈਆਂ ਜਾਂਦੀਆਂ ਦੇਖਭਾਲ ਸੇਵਾਵਾਂ ਸ਼ਾਮਲ ਹਨ ਪਰ ਕੰਮਕਾਜੀ ਉਮਰ ਦੇ ਕਮਜ਼ੋਰ ਲੋਕਾਂ ਨੂੰ ਮੁਹੱਈਆ ਕੀਤੀਆਂ ਜਾਂਦੀਆਂ ਦੇਖਭਾਲ ਸੇਵਾਵਾਂ ਦੇ ਮੌਜੂਦ ਨਾ ਹੋਣ ਦਾ ਖਤਰਾ ਜਤਾਇਆ।

'ਦੂਜੀਆਂ ਦੇਖਭਾਲ ਸੈਟਿੰਗਾਂ' ਦੇ ਸੰਦਰਭ ਦਾ ਮਕਸਦ ਲੋੜੀਂਦੇ ਰੂਪ ਵਿੱਚ ਵਿਆਪਕ ਹੋਣਾ ਹੈ ਤਾਂ ਜੋ ਰਿਹਾਇਸ਼ੀ ਦੇਖਭਾਲ ਘਰਾਂ ਤੋਂ ਇਲਾਵਾ ਕਿਸੇ ਵੀ ਹੋਰ ਸੈਟਿੰਗ ਦੀ ਪੜਤਾਲ ਵੀ ਸ਼ਾਮਲ ਕੀਤੀ ਜਾ ਸਕੇ। ਹੋ ਸਕਦਾ ਹੈ ਕਿ ਹਰ ਸੰਭਵ ਦੇਖਭਾਲ ਸੈਟਿੰਗ ਨੂੰ ਸੂਚੀ ਵਿੱਚ ਸ਼ਾਮਲ ਕਰਨ ਨਾਲ ਕੋਈ ਅਜਿਹੀ ਸੈਟਿੰਗ ਛੁੱਟ ਜਾਣ ਦਾ ਜੋਖਮ ਹੋਵੇ ਜਿਸਦੀ ਬਾਅਦ ਵਿੱਚ ਇਨਕੁਆਇਰੀ ਪੜਤਾਲ ਕਰਨੀ ਚਾਹੇ, ਪਰ ਅਜਿਹਾ ਨਾ ਕਰ ਸਕੇ ਕਿਉਂਕਿ ਇਸਨੂੰ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। ਇਸ ਲਈ ਬੈਰੋਨੈਸ ਹੈਲੇਟ **ਇਹ ਸਿਫ਼ਾਰਿਸ਼ ਨਹੀਂ ਕਰਦੇ ਕਿ '*ਦੂਜੀਆਂ ਦੇਖਭਾਲ ਸੈਟਿੰਗਾਂ*' ਦੇ ਸੰਦਰਭ ਨੂੰ ਬਦਲਿਆ ਜਾਵੇ।**

ਸਲਾਹ-ਮਸ਼ਵਰੇ ਦੌਰਾਨ ਅਸੀਂ ਲੋਕਾਂ ਨੂੰ ਉਹਨਾਂ ਦੇ ਆਪਣੇ ਘਰਾਂ ਵਿੱਚ ਉਪਚਾਰਕ ਦੇਖਭਾਲ ਦੇ ਬੰਦੋਬਸਤ ਬਾਰੇ ਚਿੰਤਾਵਾਂ ਨੂੰ ਵੀ ਸੁਣਿਆ। ਉੱਤਰਦਾਤਾਵਾਂ ਨੇ ਮਹਾਂਮਾਰੀ ਦੌਰਾਨ ਨਿੱਜੀ ਘਰਾਂ ਵਿੱਚ ਮੌਤਾਂ ਵਿੱਚ ਮਹੱਤਵਪੂਰਨ ਵਾਧੇ ਦਾ ਜ਼ਿਕਰ ਕੀਤਾ ਅਤੇ ਇਸ ਬਾਰੇ ਚਿੰਤਾਵਾਂ ਪ੍ਰਗਟਾਈਆਂ ਕਿ ਲਾਕਡਾਊਨ ਦੌਰਾਨ ਬਹੁਤ ਸਾਰੀਆਂ ਸੇਵਾਵਾਂ ਨੂੰ ਮੁਅੱਤਲ ਕੀਤੇ ਜਾਣ ਦਾ ਮਤਲਬ ਹੈ ਕਿ ਢੁਕਵੇਂ ਦਰਦ ਪ੍ਰਬੰਧਨ ਜਾਂ ਨਿੱਜੀ ਦੇਖਭਾਲ ਦੇ ਬਗੈਰ ਕੁਝ ਲੋਕਾਂ ਦੀ ਮੌਤ ਹੋਈ ਸੀ।

'*ਗੈਰ-ਕੋਵਿਡ ਸਿਹਤ ਸਥਿਤੀਆਂ ਅਤੇ ਲੋੜਾਂ ਲਈ ਪ੍ਰਬੰਧ*'*ਤੇ ਮਹਾਂਮਾਰੀ ਦੇ ਨਤੀਜਿਆਂ* ਦੇ ਤਹਿਤ, ਘਰਾਂ ਵਿੱਚ ਵਾਧੂ ਮੌਤਾਂ ਦੀ ਜਾਂਚ-ਪੜਤਾਲ ਨੂੰ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਦੇ ਦਾਇਰੇ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਕਰਕੇ ਬੈਰੋਨੈਸ ਹੈਲੇਟ **ਉਸ ਮੁੱਦੇ ਨੂੰ ਦਰਸਾਉਣ ਲਈ ਸੰਦਰਭ ਦੀਆਂ ਸ਼ਰਤਾਂ ਵਿੱਚ ਸੋਧ ਕਰਨ ਦੀ ਸਿਫ਼ਾਰਸ਼ ਨਹੀਂ ਕਰਦੇ ਹਨ।**

## NHS 111 ਅਤੇ 999 ਸੇਵਾਵਾਂ ਦੀ ਪ੍ਰਤਿਕਿਰਿਆ

ਸਲਾਹ-ਮਸ਼ਵਰੇ ਦੌਰਾਨ ਅਸੀਂ NHS 111 ਸੇਵਾ ਨੂੰ ਆ ਰਹੀਆਂ ਢੇਰ ਸਾਰੀਆਂ ਕਾਲਾਂ ਦਾ ਜਵਾਬ ਦੇਣ ਦੀ ਇਸਦੀ ਸਮਰੱਥਾ, ਅਤੇ ਟੈਲੀਫ਼ੋਨ 'ਤੇ ਅਤੇ ਆਨਲਾਈਨ 111 ਸੇਵਾਵਾਂ ਦੋਵਾਂ ਜ਼ਰੀਏ ਦਿੱਤੀ ਗਈ ਡਾਇਗਨੌਸਟਿਕ ਸਲਾਹ ਦੀ ਉਚਿਤਤਾ ਬਾਰੇ ਚਿੰਤਾਵਾਂ ਨੂੰ ਸੁਣਿਆ, ਵਿਸ਼ੇਸ਼ ਕਰਕੇ ਮਹਾਂਮਾਰੀ ਦੁਆਰਾ ਸੋਗਗ੍ਰਸਤ ਹੋਏ ਲੋਕਾਂ ਦੀਆਂ ਚਿੰਤਾਵਾਂ ਨੂੰ।

ਉੱਤਰਦਾਤਾਵਾਂ ਨੇ ਐਮਰਜੈਂਸੀ ਐਂਬੂਲੈਂਸ ਸੇਵਾਵਾਂ ਲਈ ਪ੍ਰਤਿਕਿਰਿਆ ਦੇਣ ਦੇ ਸਮੇਂ ਬਾਰੇ ਚਿੰਤਾਵਾਂ, ਅਤੇ ਇਸ ਬਾਰੇ ਫ਼ੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਪ੍ਰਤੱਖ ਅਸੰਗਤੀਆਂ ਦਾ ਵੀ ਜ਼ਿਕਰ ਕੀਤਾ ਕਿ ਐਂਬੂਲੈਂਸ ਸੇਵਾਵਾਂ ਨੇ ਕੋਵਿਡ ਦੇ ਲੱਛਣਾਂ ਵਾਲੇ ਕਿਸੇ ਵਿਅਕਤੀ ਨੂੰ ਹਸਪਤਾਲ ਵਿੱਚ ਦਾਖਲ ਕੀਤਾ ਜਾਂ ਨਹੀਂ।

ਬੈਰੋਨੈਸ ਹੈਲੇਟ **ਸਹਿਮਤ ਹਨ ਕਿ ਇਹਨਾਂ ਮੁੱਦਿਆਂ ਨੂੰ ਸੰਦਰਭ ਦੀਆਂ ਸ਼ਰਤਾਂ ਵਿੱਚ ਦਰਸਾਇਆ ਜਾਣਾ ਚਾਹੀਦਾ ਹੈ, ਅਤੇ ਪਹਿਲੇ ਉਦੇਸ਼ ਵਿੱਚ ਹੇਠਾਂ ਦਿੱਤੇ ਟੈਕਸਟ ਨੂੰ ਜੋੜੇ ਜਾਣ ਦੀ ਸਿਫ਼ਾਰਿਸ਼ ਕਰਦੇ ਹਨ:**

- ***ਅਧਿਕਾਰਤ ਸਿਹਤ-ਸੰਭਾਲ ਸਲਾਹ ਸੇਵਾਵਾਂ ਜਿਵੇਂ ਕਿ 111 ਅਤੇ 999 ਨਾਲ ਸ਼ੁਰੂਆਤੀ ਸੰਪਰਕ***

### ਪ੍ਰਾਇਮਰੀ ਦੇਖਭਾਲ ਸੈਟਿੰਗਾਂ

ਕਈ ਉੱਤਰਦਾਤਾਵਾਂ ਨੇ ਜ਼ਿਕਰ ਕੀਤਾ ਕਿ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਤੋਂ ਇਹ ਸਪਸ਼ਟ ਨਹੀਂ ਹੁੰਦਾ ਸੀ ਕਿ ਕੀ ਮੁਢਲੀ ਦੇਖਭਾਲ ਸੈਟਿੰਗਾਂ — ਜਿਵੇਂ ਕਿ ਜਨਰਲ ਪ੍ਰੈਕਟਿਸ, ਕਮਿਉਨਿਟੀ ਫ਼ਾਰਮੇਸੀਆਂ, ਦੰਦ-ਚਿਕਿਤਸਾ ਅਤੇ ਅੱਖਾਂ ਦੀ ਚਿਕਿਤਸਾ — ਨੂੰ ਇਨਕੁਆਇਰੀ ਦੇ ਕਾਰਜ-ਖੇਤਰ ਵਿੱਚ ਸ਼ਾਮਲ ਕੀਤਾ ਗਿਆ ਸੀ ਜਾਂ ਨਹੀਂ। ਜਦਕਿ ਉਹਨਾਂ ਦਾ ਮੰਨਣਾ ਹੈ ਕਿ ਇਹਨਾਂ ਨੂੰ *'ਯੂਕੇ ਭਰ ਵਿੱਚ ਸਿਹਤ ਅਤੇ ਦੇਖਭਾਲ ਸੈਕਟਰ ਦੀ ਪ੍ਰਤਿਕਿਰਿਆ, ਜਿਹਨਾਂ ਵਿੱਚ ਸ਼ਾਮਲ ਹਨ…'* ਦੇ ਸਿਰਲੇਖ ਹੇਠ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਬੈਰੋਨੈਸ ਹੈਲੇਟ **ਸਹਿਮਤ ਹਨ ਕਿ ਇਸਨੂੰ ਵਧੇਰੇ ਸਪਸ਼ਟ ਬਣਾਏ ਜਾਣ ਨਾਲ ਫ਼ਾਇਦਾ ਹੋਵੇਗਾ, ਅਤੇ ਉਸ ਸੈਕਸ਼ਨ ਵਿੱਚ ਇਹ ਜੋੜੇ ਜਾਣ ਦੀ ਸਿਫ਼ਾਰਸ਼ ਕਰਦੇ ਹਨ:**

- ***ਮੁਢਲੀ ਦੇਖਭਾਲ ਸੈਟਿੰਗਾਂ ਦੀ ਭੂਮਿਕਾ ਜਿਵੇਂ ਕਿ ਜਨਰਲ ਪ੍ਰੈਕਟਿਸ;***

### ਸਮਾਜਕ ਦੇਖਭਾਲ ਖੇਤਰ ਵਿੱਚ ਕਰਮਚਾਰੀ ਦਲ ਦੀ ਟੈਸਟਿੰਗ

ਕਾਰਜਬਲ ਟੈਸਟਿੰਗ ਬਾਰੇ ਸੋਚ-ਵਿਚਾਰ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਸਿਹਤ-ਸੰਭਾਲ ਸੈਕਟਰ ਦੇ ਅੰਦਰ ਸ਼ਾਮਲ ਕੀਤਾ ਗਿਆ ਹੈ, ਪਰ ਇਹ ਦੇਖਭਾਲ ਸੈਕਟਰ ਦੇ ਸੰਦਰਭ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। **ਇਕਸਾਰਤਾ ਨੂੰ ਯਕੀਨੀ ਬਣਾਉਣ ਵਾਸਤੇ, ਬੈਰੋਨੈਸ ਹੈਲੇਟ ਟੈਕਸਟ ਵਿੱਚ ਇਹ ਸੋਧ ਕਰਨ ਦੀ ਸਿਫਾਰਸ਼ ਕਰਦੇ ਹਨ:**

> ***'ਦੇਖਭਾਲ ਘਰਾਂ ਅਤੇ ਦੂਜੀਆਂ ਦੇਖਭਾਲ ਸੈਟਿੰਗਾਂ ਵਿੱਚ ਮਹਾਂਮਾਰੀ ਦਾ ਪ੍ਰਬੰਧਨ, ਜਿਸ ਵਿੱਚ ਲਾਗ ਦੀ ਰੋਕਥਾਮ ਅਤੇ ਨਿਯੰਤ੍ਰਣ, ਘਰਾਂ ਤੋਂ ਨਿਵਾਸੀਆਂ ਨੂੰ ਲਿਆਉਣਾ ਜਾਂ ਵਾਪਸ ਛੱਡਣਾ, ਨਿਵਾਸੀਆਂ ਦਾ ਇਲਾਜ ਅਤੇ ਦੇਖਭਾਲ, ਮੁਲਾਕਾਤਾਂ 'ਤੇ ਪਾਬੰਦੀਆਂ, ਕਰਮਚਾਰੀ ਦਲ ਦੀ ਟੈਸਟਿੰਗ ਅਤੇ ਛਾਣਬੀਣ ਵਿੱਚ ਤਬਦੀਲੀਆਂ ਸ਼ਾਮਲ ਹਨ;'***

## ਸਰਕਾਰ ਦੀ ਸੰਚਾਰ ਸਬੰਧੀ ਕਾਰਜ-ਨੀਤੀ ਅਤੇ ਮੀਡੀਆ ਦੀ ਭੂਮਿਕਾ

ਸਲਾਹ-ਮਸ਼ਵਰੇ ਦੀਆਂ ਪ੍ਰਤਿਕਿਰਿਆਵਾਂ ਦਾ ਇੱਕ ਅਹਿਮ ਵਿਸ਼ਾ ਸੀ ਸਰਕਾਰ ਨੇ ਮਹਾਂਮਾਰੀ ਦੌਰਾਨ ਜਿਸ ਢੰਗ ਨਾਲ ਜਨਤਾ ਨਾਲ ਸੰਵਾਦ ਕੀਤਾ, ਅਤੇ ਸੋਸ਼ਲ ਮੀਡੀਆ ਸਮੇਤ ਮੀਡੀਆ ਨੇ ਜਾਣਕਾਰੀ ਅਤੇ ਗਲਤ ਜਾਣਕਾਰੀ ਦੋਵਾਂ ਨੂੰ ਫ਼ੈਲਾਉਣ ਵਿੱਚ ਜਿਹੋ ਜਿਹੀ ਭੂਮਿਕਾ ਨਿਭਾਈ ਸੀ।

### ਸਰਕਾਰੀ ਸੁਨੇਹਿਆਂ ਦਾ ਸੰਚਾਰ

ਸਲਾਹ-ਮਸ਼ਵਰੇ ਦੀਆਂ ਪ੍ਰਤਿਕਿਰਿਆਵਾਂ ਨੇ ਸਰਕਾਰ ਦੇ ਫ਼ੈਸਲਿਆਂ ਨੂੰ ਜਨਤਾ ਤਕ ਪਹੁੰਚਾਏ ਜਾਣ ਦੇ ਤਰੀਕੇ ਬਾਰੇ ਸਵਾਲ ਖੜ੍ਹੇ ਕੀਤੇ ਹਨ। ਉੱਤਰਦਾਤਾਵਾਂ ਨੇ ਇਨਕੁਆਇਰੀ ਨੂੰ ਇਸ ਬਾਰੇ ਵਿਚਾਰ ਕਰਨ ਲਈ ਕਿਹਾ ਕਿ ਸਰਕਾਰ ਦੇ ਫ਼ੈਸਲਿਆਂ ਨੂੰ ਸਮਝਾਉਣ ਵਾਸਤੇ ਸਰਕਾਰੀ ਵਾਰਤਾਵਾਂ ਵਿੱਚ ਅੰਕੜਿਆਂ ਅਤੇ ਡੇਟਾ ਦਾ ਇਸਤੇਮਾਲ ਕਿਵੇਂ ਕੀਤਾ ਗਿਆ ਸੀ ਅਤੇ ਵਿਗਿਆਨਕ ਅਨਿਸ਼ਚਿਤਤਾ ਅਤੇ ਜੋਖਮ ਦੇ ਪਹਿਲੂਆਂ ਨੂੰ ਜਨਤਾ ਤਕ ਕਿੰਨੇ ਕੁ ਅਸਰਦਾਰ ਢੰਗ ਨਾਲ ਪਹੁੰਚਾਇਆ ਗਿਆ ਸੀ।

ਕਈ ਉੱਤਰਦਾਤਾ ਇਹ ਵੀ ਚਾਹੁੰਦੇ ਸਨ ਕਿ ਇਨਕੁਆਇਰੀ ਸਰਕਾਰ ਦੁਆਰਾ ਇਸਦੇ ਜਨਤਕ ਸੁਨੇਹਿਆਂ ਵਿੱਚ ਵਿਹਾਰਵਾਦੀ ਵਿਗਿਆਨ ਅਤੇ 'ਧਿਆਨ ਖਿੱਚਣ' ਦੀਆਂ ਤਕਨੀਕਾਂ ਦੇ ਇਸਤੇਮਾਲ 'ਤੇ ਵਿਚਾਰ ਕਰੇ, ਇਸ ਧਾਰਨਾ ਦੇ ਨਾਲ ਕਿ ਡਰ 'ਤੇ ਅਧਾਰਤ ਸੰਵਾਦ ਦੇ ਦ੍ਰਿਸ਼ਟੀਕੋਣ ਦੁਆਰਾ ਜਨਤਾ ਦੀ ਮਾਨਸਿਕ ਸਿਹਤ ਉੱਪਰ ਇੱਕ ਨਕਾਰਾਤਮਕ ਅਸਰ ਪਿਆ ਸੀ। ਪ੍ਰਤਿਕਿਰਿਆਵਾਂ ਵਿੱਚ ਗਲਤ ਜਾਣਕਾਰੀ ਅਤੇ ਸਾਜ਼ਸ਼ਾਂ ਦੇ ਜਵਾਬਾਂ ਬਾਰੇ ਵੀ ਬਹੁਤ ਸਾਰੇ ਹਵਾਲੇ ਸਨ।

ਇਹ ਉਹ ਸਾਰੇ ਮੁੱਦੇ ਹਨ ਜਿਹਨਾਂ 'ਤੇ ਸਾਡੇ ਵਿਚਾਰ ਅਨੁਸਾਰ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ '*ਫ਼ੈਸਲੇ ਕਿਵੇਂ ਲਏ ਗਏ ਸਨ, ਇਹਨਾਂ ਨੂੰ ਕਿਵੇਂ ਪਹੁੰਚਾਇਆ ਅਤੇ ਲਾਗੂ ਕੀਤਾ ਗਿਆ ਸੀ* ਦੇ ਸਿਰਲੇਖ ਹੇਠ ਢੁਕਵੇਂ ਰੂਪ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਕਰਕੇ ਬੈਰੋਨੈਸ ਹੈਲੇਟ **ਇਹਨਾਂ ਮੁੱਦਿਆਂ ਨੂੰ ਦਰਸਾਉਣ ਲਈ ਸੰਦਰਭ ਦੀਆਂ ਸ਼ਰਤਾਂ ਵਿੱਚ ਸੋਧ ਕਰਨ ਦੀ ਸਿਫ਼ਾਰਸ਼ ਨਹੀਂ ਕਰਦੇ ਹਨ।**

ਇਨਕੁਆਇਰੀ ਨਾਲ ਸਾਂਝੀਆਂ ਕੀਤੀਆਂ ਗਈਆਂ ਕਈ ਪ੍ਰਤਿਕਿਰਿਆਵਾਂ ਟੀਕਾਕਰਣ ਯੋਜਨਾ 'ਤੇ ਕੇਂਦ੍ਰਿਤ ਸਨ। ਟੀਕਾਕਰਣ ਯੋਜਨਾ ਬਾਰੇ ਇਨਕੁਆਇਰੀ ਦੇ ਸੋਚ-ਵਿਚਾਰ ਵਿੱਚ, ਅਸੀਂ ਟੀਕਾਕਰਣ ਅਰੰਭ ਕਰਨ ਦੇ ਸਾਰੇ ਪਹਿਲੂਆਂ 'ਤੇ ਵਿਚਾਰ ਕਰਾਂਗੇ, ਜਿਹਨਾਂ ਵਿੱਚ ਅਣਸੁਖਾਵੀਆਂ ਪ੍ਰਤਿਕਿਰਿਆਵਾਂ ਅਤੇ ਮਾੜੇ ਪ੍ਰਭਾਵਾਂ ਦੇ ਨਾਲ-ਨਾਲ ਅਜਿਹੇ ਮਾਮਲਿਆਂ ਲਈ ਮੁਆਵਜ਼ੇ ਦੇ ਪ੍ਰਬੰਧਾਂ ਦੀ ਉਚਿਤਤਾ ਸ਼ਾਮਲ ਹੈ।

ਬੈਰੋਨੈਸ ਹੈਲੇਟ **ਦੀ ਸਿਫ਼ਾਰਸ਼ ਹੈ ਕਿ ਵੈਕਸੀਨ ਦੇ ਅਸਰ ਬਾਰੇ ਸੋਚ-ਵਿਚਾਰ ਨੂੰ ਸੰਦਰਭ ਦੀਆਂ ਸ਼ਰਤਾਂ ਵਿੱਚ ਸੋਧ ਕੀਤੀ ਜਾਵੇ ਤਾਂ ਜੋ ਉਹ ਇਹ ਦਰਸਾਉਣ:**

- ***ਚਿਕਿਤਸਾ ਅਤੇ ਵੈਕਸੀਨਾਂ ਦਾ ਵਿਕਾਸ, ਡਿਲਿਵਰੀ ਅਤੇ ਪ੍ਰਭਾਵ;***

## ਸਰਕਾਰ ਦੀ ਮਹਾਂਮਾਰੀ ਪ੍ਰਤਿਕਿਰਿਆ ਨੂੰ ਸੂਚਨਾ ਦੇਣ ਵਿੱਚ ਮਾਹਰਾਂ, ਸਲਾਹਕਾਰਾਂ, ਵਿਗਿਆਨ ਅਤੇ ਡੇਟਾ ਦੀ ਭੂਮਿਕਾ

ਸਲਾਹ-ਮਸ਼ਵਰੇ ਦਾ ਇੱਕ ਬਹੁਤ ਮਹੱਤਵਪੂਰਨ ਵਿਸ਼ਾ ਸੀ ਸਰਕਾਰ ਦੇ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਮਾਹਰਾਂ ਅਤੇ ਸਲਾਹਕਾਰਾਂ ਦੀ ਭੂਮਿਕਾ, ਅਤੇ ਵਰਤੇ ਗਏ ਡੇਟਾ ਅਤੇ ਵਿਗਿਆਨਕ ਪ੍ਰਮਾਣ ਦੀ ਮਜ਼ਬੂਤੀ। ਉੱਤਰਦਾਤਾਵਾਂ ਨੇ ਖਾਸ ਕਰਕੇ ਐਮਰਜੈਂਸੀ ਸਥਿਤੀਆਂ ਲਈ ਵਿਗਿਆਨਕ ਸਲਾਹਕਾਰ ਸਮੂਹ (Scientific Advisory Group for Emergencies, SAGE) ਅਤੇ ਇਸਦੇ ਉਪ-ਸਮੂਹਾਂ, ਜਿਵੇਂ ਕਿ ਮਾਡਲਿੰਗ 'ਤੇ ਵਿਗਿਆਨਕ ਮਹਾਂਮਾਰੀ ਇਨਫਲੂਐਂਜ਼ਾ ਗਰੁੱਪ (Scientific Pandemic Influenza Group on Modelling, SPI-M) ਦੀ ਭੂਮਿਕਾ ਦਾ ਜ਼ਿਕਰ ਕੀਤਾ ਅਤੇ ਹੇਠਾਂ ਲਿਖੇ ਮੁੱਦੇ ਉਠਾਏ:

- ਮਾਹਰਾਂ ਅਤੇ ਸਲਾਹਕਾਰਾਂ ਦੀ ਚੋਣ ਕਿਸ ਤਰ੍ਹਾਂ ਕੀਤੀ ਗਈ ਸੀ, ਜਿਸ ਵਿੱਚ ਮੈਂਬਰਾਂ ਦੀ ਮੁਹਾਰਤ ਦੀ ਵਿਆਪਕਤਾ ਅਤੇ ਜਨਸੰਖਿਅਕੀ ਅੰਕੜੇ ਸ਼ਾਮਲ ਹਨ;
- 'ਦੋ ਮੀਟਰ ਦਾ ਨਿਯਮ' ਅਤੇ 'ਛੇ ਦਾ ਨਿਯਮ' ਵਰਗੇ ਉਪਾਵਾਂ ਬਾਰੇ ਦੱਸਣ ਵਾਲੇ ਵਿਗਿਆਨਕ ਪ੍ਰਮਾਣ ਦੀ ਮਜ਼ਬੂਤੀ;
- SAGE ਅਤੇ ਇਸਦੇ ਉਪ-ਸਮੂਹਾਂ ਦੁਆਰਾ ਦਿੱਤੀ ਗਈ ਸਲਾਹ ਨੂੰ ਕਿੰਨੀ ਵਾਰ ਅਣਗੌਲਿਆ ਗਿਆ ਸੀ।

ਉੱਤਰਦਾਤਾਵਾਂ ਨੇ ਮਹਾਂਮਾਰੀ ਲਈ ਖੋਜ ਭਾਈਚਾਰੇ ਦੀ ਪ੍ਰਤਿਕਿਰਿਆ ਦੀ ਅਹਿਮੀਅਤ ਬਾਰੇ ਵੀ ਜ਼ਿਕਰ ਕੀਤਾ, ਅਤੇ ਵਿਸ਼ੇਸ਼ ਕਰਕੇ ਪ੍ਰਤਿਕਿਰਿਆ ਦੇ ਸ਼ੁਰੂਆਤੀ ਪੜਾਵਾਂ ਦੌਰਾਨ।

ਜਦਕਿ ਉਹਨਾਂ ਦਾ ਮੰਨਣਾ ਹੈ ਕਿ ਅਜਿਹੇ ਮੁੱਦਿਆਂ ਨੂੰ ਸੰਦਰਭ ਦੀਆਂ ਮੌਜੂਦਾ ਸ਼ਰਤਾਂ ਵਿੱਚ ਸ਼ਾਮਲ ਕੀਤੇ ਜਾਣ ਦਾ ਇਰਾਦਾ ਸੀ, ਬੈਰੋਨੈਸ ਹੈਲੇਟ **ਨੇ ਸੰਦਰਭ ਦੀਆਂ ਸ਼ਰਤਾਂ ਦੀ ਭਾਸ਼ਾ ਨੂੰ ਹੋਰ ਮਜ਼ਬੂਤ ਬਣਾਉਣ ਦਾ ਸੁਝਾਅ ਦਿੱਤਾ ਹੈ ਤਾਂ ਜੋ ਇਹਨਾਂ ਨੂੰ ਇੰਝ ਪੜ੍ਹਿਆ ਜਾਵੇ:**

- ***ਡੇਟਾ, ਖੋਜ ਅਤੇ ਮਾਹਰ ਪ੍ਰਮਾਣ ਦੀ ਉਪਲਬਧਤਾ ਅਤੇ ਇਸਤੇਮਾਲ***

**ਪਾਰਦਰਸ਼ਤਾ ਅਤੇ ਰਿਕਾਰਡ ਰੱਖਣਾ**

ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੌਰਾਨ ਅਸੀਂ ਇਸ ਬਾਰੇ ਚਿੰਤਾਵਾਂ ਨੂੰ ਸੁਣਿਆ ਕਿ ਸਰਕਾਰ ਦੁਆਰਾ ਲਏ ਗਏ ਫ਼ੈਸਲਿਆਂ ਨੂੰ ਕਿਵੇਂ ਰਿਕਾਰਡ ਕੀਤਾ ਜਾ ਰਿਹਾ ਸੀ, ਉੱਤਰਦਾਤਾਵਾਂ ਨੇ ਇਨਕੁਆਇਰੀ ਨੂੰ ਇਹਨਾਂ ਚਿੰਤਾਵਾਂ ਬਾਰੇ ਜਾਂਚ ਕਰਨ ਲਈ ਕਿਹਾ ਕਿ ਮੰਤਰੀ ਪੱਧਰ ਦੇ ਫ਼ੈਸਲੇ ਨਿੱਜੀ ਈਮੇਲ ਖਾਤਿਆਂ ਅਤੇ ਵਟਸਐਪ ਸੁਨੇਹਿਆਂ ਦੇ ਜ਼ਰੀਏ ਲਏ ਜਾ ਰਹੇ ਸਨ ਅਤੇ ਉਹਨਾਂ ਨੂੰ ਅਧਿਕਾਰਤ ਵਿਭਾਗੀ ਰਿਕਾਰਡਾਂ ਵਿੱਚ ਦਰਜ ਨਹੀਂ ਕੀਤਾ ਜਾ ਰਿਹਾ ਸੀ।

ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ '*ਫ਼ੈਸਲੇ ਕਿਵੇਂ ਲਏ ਗਏ ਸਨ, ਇਹਨਾਂ ਨੂੰ ਕਿਵੇਂ ਪਹੁੰਚਾਇਆ ਅਤੇ ਲਾਗੂ ਕੀਤਾ ਗਿਆ ਸੀ* ਦੀ ਪੜਤਾਲ ਸ਼ਾਮਲ ਹੈ। ਬੈਰੋਨੈਸ ਹੈਲੇਟ **ਸਹਿਮਤ ਹਨ ਕਿ ਇਸ ਨੂੰ ਟੈਕਸਟ ਵਿੱਚ ਹੇਠਾਂ ਦਿੱਤੇ ਅਨੁਸਾਰ ਸੋਧ ਕਰਦਿਆਂ ਸਪਸ਼ਟ ਬਣਾਇਆ ਜਾ ਸਕਦਾ ਹੈ:**

- ***ਫ਼ੈਸਲੇ ਕਿਵੇਂ ਲਏ ਗਏ ਸਨ, ਇਹਨਾਂ ਨੂੰ ਕਿਵੇਂ ਪਹੁੰਚਾਇਆ, ਰਿਕਾਰਡ ਅਤੇ ਲਾਗੂ ਕੀਤਾ ਗਿਆ ਸੀ***

## ਮਹਾਂਮਾਰੀ ਦਾ ਅਸਰ ਅਤੇ ਮਾਨਸਿਕ ਸਿਹਤ ਤੇ ਤੰਦਰੁਸਤੀ ਉੱਪਰ ਇਸਦੀ ਪ੍ਰਤਿਕਿਰਿਆ

ਅਸੀਂ ਸਲਾਹ-ਮਸ਼ਵਰੇ ਦੀ ਪੂਰੀ ਪ੍ਰਕਿਰਿਆ ਵਿੱਚ ਉਸ ਅਸਰ ਬਾਰੇ ਵਿਸਤਾਰ ਨਾਲ ਸੁਣਿਆ ਹੈ ਜੋ ਮਹਾਂਮਾਰੀ ਨੇ ਮਾਨਸਿਕ ਸਿਹਤ ਉੱਪਰ ਪਾਇਆ ਹੈ। ਸਲਾਹ-ਮਸ਼ਵਰੇ ਦੇ ਜ਼ਰੀਏ ਉਜਾਗਰ ਕੀਤੇ ਗਏ ਕੁਝ ਮੁੱਦਿਆਂ ਵਿੱਚ ਸ਼ਾਮਲ ਹਨ:

- **ਫ਼ੈਸਲੇ ਲੈਣ ਵਿੱਚ ਮਾਨਸਿਕ ਸਿਹਤ ਬਾਰੇ ਸੋਚ-ਵਿਚਾਰ** — ਉਦਾਹਰਣ ਲਈ, ਨਵੀਆਂ ਪਾਬੰਦੀਆਂ ਲਾਗੂ ਕਰਨ ਸਮੇਂ ਮਾਨਸਿਕ ਸਿਹਤ ਉੱਪਰ ਅਸਰ ਬਾਰੇ ਕਿਸ ਹੱਦ ਤਕ ਵਿਚਾਰ ਕੀਤਾ ਗਿਆ ਸੀ, ਅਤੇ ਪਾਬੰਦੀਆਂ ਲਾਗੂ ਕਰਨ ਤੋਂ ਪਹਿਲਾਂ ਮਾਨਸਿਕ ਸਿਹਤ ਨੂੰ ਸਹਾਰਾ ਦੇਣ ਲਈ ਕਿਸ ਹੱਦ ਤਕ ਪ੍ਰਬੰਧ ਕੀਤੇ ਗਏ ਸਨ।

- **ਮਹਾਂਮਾਰੀ ਦੌਰਾਨ ਮਾਨਸਿਕ ਸਿਹਤ ਸਬੰਧੀ ਸਮੱਸਿਆਵਾਂ ਵਿੱਚ ਵਾਧਾ** — ਉਦਾਹਰਣ ਲਈ, ਮਹਾਂਮਾਰੀ ਦੇ ਦੌਰਾਨ ਅਨੁਭਵ ਕੀਤੀ ਗਈ ਚਿੰਤਾ ਅਤੇ ਇਕੱਲੇਪਣ ਦੀ ਹੱਦ ਨੂੰ, ਅਤੇ ਬਜ਼ੁਰਗਾਂ, ਅਪਾਹਜਾਂ ਅਤੇ ਦੇਖਭਾਲਕਰਤਾਵਾਂ ਵਰਗੇ ਗਰੁੱਪਾਂ ਦੁਆਰਾ ਅਨੁਭਵ ਕੀਤੇ ਗਏ ਵਿਸ਼ੇਸ਼ ਅਸਰ ਨੂੰ ਸਮਝਣਾ।

- **ਸਿਹਤਯਾਬੀ ਦੀਆਂ ਯੋਜਨਾਵਾਂ ਵਿੱਚ ਮਾਨਸਿਕ ਸਿਹਤ ਸਬੰਧੀ ਸੇਵਾਵਾਂ ਲਈ ਇੰਤਜ਼ਾਮ** — ਉਦਾਹਰਣ ਲਈ, ਮਾਨਸਿਕ ਸਿਹਤ ਸੇਵਾਵਾਂ ਦੀ ਮੰਗ ਵਿੱਚ ਬੈਕਲਾਗ ਨਾਲ ਨਜਿੱਠਣ ਵਾਸਤੇ ਯੋਜਨਾਵਾਂ ਨੂੰ ਸਮਝਣਾ।

ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਆਮ ਤੌਰ 'ਤੇ ਮਾਨਸਿਕ ਸਿਹਤ ਦਾ ਸਪਸ਼ਟ ਜ਼ਿਕਰ ਸ਼ਾਮਲ ਨਹੀਂ ਕੀਤਾ ਗਿਆ ਸੀ, ਅਤੇ ਹਾਲਾਂਕਿ ਮਾਨਸਿਕ ਸਿਹਤ ਸੇਵਾਵਾਂ ਦੇ ਪ੍ਰਬੰਧ ਨੂੰ '*ਗੈਰ-ਕੋਵਿਡ ਸਿਹਤ ਸਮੱਸਿਆਵਾਂ ਅਤੇ ਲੋੜਾਂ ਲਈ ਪ੍ਰਬੰਧ 'ਤੇ ਮਹਾਂਮਾਰੀ ਦੇ ਨਤੀਜੇ* ਦੇ ਅੰਦਰ ਹੀ ਸ਼ਾਮਲ ਮੰਨਿਆ ਗਿਆ ਸੀ, ਅਤੇ ਮਾਨਸਿਕ ਸਿਹਤ ਦੇ ਮੁੱਦੇ ਨੂੰ ਕੁਝ ਸ਼੍ਰੇਣੀਆਂ ਦੇ ਲੋਕਾਂ ਦੇ ਸੰਦਰਭ ਵਿੱਚ ਸੰਬੋਧਿਤ ਕੀਤਾ ਗਿਆ ਹੁੰਦਾ, ਪਰ ਇਸ ਨਾਲ ਮਹਾਂਮਾਰੀ ਦੇ ਮਾਨਸਿਕ ਸਿਹਤ ਸਬੰਧੀ ਵਧੇਰੇ ਵਿਆਪਕ ਸੋਚ-ਵਿਚਾਰ ਦੀ ਸਪਸ਼ਟ ਰੂਪ ਵਿੱਚ ਜਾਂਚ ਦਾ ਮੌਕਾ ਨਾ ਮਿਲਦਾ, ਜੋ ਕਿ ਸਿੱਧੇ ਤੌਰ 'ਤੇ ਸੇਵਾਵਾਂ ਦੇ ਪ੍ਰਬੰਧ ਨਾਲ ਸਬੰਧਤ ਨਹੀਂ ਹਨ।

**ਬੈਰੋਨੈਸ ਹੈਲੇਟ ਇਸ ਗੱਲ ਨਾਲ ਸਹਿਮਤ ਹਨ ਕਿ ਸੰਦਰਭ ਦੀਆਂ ਸ਼ਰਤਾਂ ਵਿੱਚ ਵਿਸ਼ੇਸ਼ ਰੂਪ ਵਿੱਚ ਮਾਨਸਿਕ ਸਿਹਤ ਉੱਪਰ ਮਹਾਂਮਾਰੀ ਦੇ ਅਸਰ ਬਾਰੇ ਆਮ ਸੋਚ-ਵਿਚਾਰ ਦਾ ਸੰਦਰਭ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਇਸ ਲਈ ਉਹਨਾਂ ਦੀ ਸਿਫ਼ਾਰਸ਼ ਹੈ ਕਿ ਹੇਠ ਲਿਖੇ ਨੂੰ ਸ਼ਾਮਲ ਕਰਕੇ ਸ਼ਰਤਾਂ ਵਿੱਚ ਸੋਧ ਕੀਤੀ ਜਾਵੇ:**

- ***ਜਨਸੰਖਿਆ ਦੀ ਮਾਨਸਿਕ ਸਿਹਤ 'ਤੇ ਅਸਰ, ਜਿਹਨਾਂ ਵਿੱਚ ਮਹਾਂਮਾਰੀ ਦੁਆਰਾ ਵੱਡਾ ਨੁਕਸਾਨ ਝੱਲ ਚੁੱਕੇ ਲੋਕ ਸ਼ਾਮਲ ਹਨ, ਪਰ ਉਹਨਾਂ ਤਕ ਸੀਮਿਤ ਨਹੀਂ ਹਨ;***

## ਮਹਾਂਮਾਰੀ ਦੀ ਆਰਥਿਕ ਲਾਗਤ ਅਤੇ ਇਸਦੀ ਪ੍ਰਤਿਕਿਰਿਆ, ਅਤੇ ਲਾਕਡਾਊਨ ਅਤੇ ਬੰਦ ਕਰਨ ਸਬੰਧੀ ਹੋਰ ਫ਼ੈਸਲਿਆਂ ਵਿੱਚ ਲਾਗਤ-ਲਾਭ ਵਿਸ਼ਲੇਸ਼ਣ ਦੀ ਭੂਮਿਕਾ

ਸਲਾਹ-ਮਸ਼ਵਰੇ ਦੌਰਾਨ ਉਠਾਇਆ ਗਿਆ ਆਖਰੀ ਮੁੱਖ ਵਿਸ਼ਾ ਸੀ ਮਹਾਂਮਾਰੀ ਦਾ ਆਰਥਿਕ ਅਸਰ, ਅਰਥਚਾਰੇ ਦੇ ਵਿਸ਼ੇਸ਼ ਖੇਤਰਾਂ ਉੱਪਰ ਅਸਰ, ਅਤੇ ਨਾਲ ਹੀ ਮਹਾਂਮਾਰੀ ਪ੍ਰਤਿਕਿਰਿਆ ਦੇ ਦੌਰਾਨ ਲਾਗੂ ਕੀਤੀਆਂ ਗਈਆਂ ਨੀਤੀਆਂ ਅਤੇ ਪਾਬੰਦੀਆਂ ਦੀਆਂ ਲਾਗਤਾਂ ਅਤੇ ਲਾਭਾਂ ਦੇ ਵਿਸ਼ਲੇਸ਼ਣ ਦੇ ਸਬੰਧ ਵਿੱਚ।

### ਸੈਕਟਰ ਅਧਾਰਤ ਵਿਸ਼ਲੇਸ਼ਣ

ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਰਾਹੀਂ ਅਸੀਂ ਅਰਥਚਾਰੇ ਦੇ ਵੱਖੋ-ਵੱਖਰੇ ਸੈਕਟਰਾਂ ਦੀ ਨੁਮਾਇੰਦਗੀ ਕਰਨ ਵਾਲੇ ਬਹੁਤ ਸਾਰੇ ਵੱਖ-ਵੱਖ ਸਮੂਹਾਂ ਅਤੇ ਇਸਦੇ ਨਾਲ ਹੀ ਉਹਨਾਂ ਸੈਕਟਰਾਂ ਵਿੱਚ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਟ੍ਰੇਡ ਯੂਨੀਅਨਾਂ ਨੂੰ ਸੁਣਿਆ ਹੈ। ਉਹਨਾਂ ਉੱਤਰਦਾਤਾਵਾਂ ਵਿੱਚੋਂ, ਬਹੁਤ ਸਾਰਿਆਂ ਨੇ ਇਨਕੁਆਇਰੀ ਤੋਂ ਅਕਸਰ ਉਹਨਾਂ ਦੇ ਸੈਕਟਰ 'ਤੇ ਮਹਾਂਮਾਰੀ ਦੇ ਅਸਰ ਦਾ 'ਡੂੰਘਾ ਵਿਸ਼ਲੇਸ਼ਣ' ਕਰਨ, ਅਤੇ ਇਹ ਪਛਾਣ ਕਰਨ ਦੀ ਮੰਗ ਕੀਤੀ ਕਿ ਇਸ ਸੈਕਟਰ ਦੀ ਰਿਕਵਰੀ ਨੂੰ ਸਭ ਤੋਂ ਵਧੀਆ ਸਮਰਥਨ ਕਿਸ ਤਰ੍ਹਾਂ ਦਿੱਤਾ ਜਾ ਸਕਦਾ ਹੈ।

ਉਦਾਹਰਣ ਲਈ, ਮੇਜ਼ਬਾਨੀ ਸੈਕਟਰ ਵਿਚਲੇ ਉੱਤਰਦਾਤਾਵਾਂ ਨੇ ਕਿਹਾ ਕਿ ਇਨਕੁਆਇਰੀ ਖਾਸ ਕਰਕੇ ਉਹਨਾਂ ਦੇ ਸੈਕਟਰ ਨੂੰ ਪ੍ਰਭਾਵਤ ਕਰਨ ਵਾਲੇ ਉਪਾਵਾਂ ਦੇ ਅਸਰ 'ਤੇ ਵਿਚਾਰ ਕਰੇ, ਜਿਵੇਂ 'ਕਾਫ਼ੀ ਭੋਜਨ' ਦਾ ਨਿਯਮ, ਅਤੇ ਟੀਕਾਕਰਣ ਸਥਿਤੀ ਜਾਂ ਲੈਟਰਲ ਫ਼ਲੋ ਦੇ ਨਤੀਜਿਆਂ ਦੇ ਸਬੂਤ ਦੀ ਸ਼ਰਤ ਨਾਲ ਆਯੋਜਨ ਸਥਾਨਾਂ 'ਤੇ ਦਾਖਲਾ। ਇਸੇ ਤਰ੍ਹਾਂ, ਯਾਤਰਾ ਅਤੇ ਸੈਰ-ਸਪਾਟਾ ਸੈਕਟਰ ਦੇ ਉੱਤਰਦਾਤਾਵਾਂ ਦੀ ਇਹ ਤੀਬਰ ਇੱਛਾ ਸੀ ਕਿ ਇਨਕੁਆਇਰੀ

ਮਹਾਂਮਾਰੀ ਦੇ ਵੱਖੋ-ਵੱਖ ਪੜਾਵਾਂ 'ਤੇ ਅੰਤਰਰਾਸ਼ਟਰੀ ਯਾਤਰਾ ਉੱਪਰ ਲਾਈਆਂ ਗਈਆਂ ਪਾਬੰਦੀਆਂ ਦੇ ਅਸਰ ਦੀ ਪੜਤਾਲ ਕਰੇ। ਅਸੀਂ ਕਥਿਤ 'ਗਿਗ ਅਰਥਚਾਰੇ' ਵਿੱਚ ਵਰਕਰਾਂ ਦੇ ਅਨੁਭਵਾਂ ਬਾਰੇ ਚਿੰਤਾਵਾਂ ਨੂੰ ਵੀ ਸੁਣਿਆ — ਉਦਾਹਰਣ ਲਈ, ਕਲੀਨਰ, ਪਾਰਸਲ ਕੋਰੀਅਰ ਅਤੇ ਭੋਜਨ ਟੇਕਅਵੇ ਡਿਲਿਵਰੀ ਕਰਨ ਵਾਲੇ ਡ੍ਰਾਈਵਰ — ਜਿਸ ਵਿੱਚ ਉੱਤਰਦਾਤਾਵਾਂ ਨੇ ਜ਼ਿਕਰ ਕੀਤਾ ਕਿ ਅਨਿਸ਼ਚਿਤ ਅਤੇ ਉਹਨਾਂ ਦੇ ਘੱਟ ਤਨਖਾਹ ਵਾਲੇ ਰੁਜ਼ਗਾਰ ਦੇ ਨਾਲ ਬੀਮਾਰੀ ਵੇਤਨ ਦੀ ਕਮੀ ਦਾ, ਮਤਲਬ ਅਕਸਰ ਇਹ ਸੀ ਕਿ ਕੋਵਿਡ ਦੇ ਲੱਛਣਾਂ ਦਾ ਅਨੁਭਵ ਕਰਨ ਵਾਲੇ ਵਰਕਰ ਸਵੈ-ਇਕਾਂਤਵਾਸ ਵਿੱਚ ਜਾਣ ਦੀ ਸਮਰੱਥਾ ਵਿੱਚ ਨਹੀਂ ਸਨ। ਸਵੈ-ਰੁਜ਼ਗਾਰ ਵਿੱਚ ਲੱਗੇ ਲੋਕਾਂ 'ਤੇ ਮਹਾਂਮਾਰੀ ਦੇ ਅਸਰ ਨੂੰ ਵੀ ਖਾਸ ਕਰਕੇ ਉਹਨਾਂ ਦੀ ਵਿੱਤੀ ਸਹਾਇਤਾ ਦੀ ਸੀਮਾ ਦੇ ਸਬੰਧ ਵਿੱਚ ਉਠਾਇਆ ਗਿਆ ਸੀ।

ਸਾਰੇ ਸੈਕਟਰਾਂ ਵਿੱਚ ਅਸੀਂ ਕਾਰੋਬਾਰਾਂ ਨੂੰ ਜਾਰੀ ਕੀਤੇ ਗਏ ਮਾਰਗਦਰਸ਼ਨ ਦੀ ਸਮਾਂ-ਉਚਿਤਤਾ ਅਤੇ ਢੁਕਵੇਂਪਣ ਬਾਰੇ ਚਿੰਤਾਵਾਂ, ਅਤੇ ਯੂਕੇ ਸਰਕਾਰ, ਮਨੋਨੀਤ ਪ੍ਰਸ਼ਾਸਨਾਂ, ਅਤੇ ਵਿਅਕਤੀਗਤ ਸਥਾਨਕ ਅਥਾਰਟੀਆਂ ਦਰਮਿਆਨ ਮਾਰਗਦਰਸ਼ਨ ਵਿੱਚ ਫ਼ਰਕ ਕਰਕੇ ਪੈਦਾ ਹੋਈਆਂ ਮੁਸ਼ਕਲਾਂ ਬਾਰੇ ਸੁਣਿਆ।

ਇਨਕੁਆਇਰੀ ਦਾ ਮਕਸਦ ਇਹਨਾਂ ਮੁੱਦਿਆਂ, ਕਈ ਵੱਖ-ਵੱਖ ਤਰ੍ਹਾਂ ਦੇ ਸੈਕਟਰਾਂ ਦੇ ਅਨੁਭਵਾਂ ਅਤੇ ਇਸਦੇ ਨਾਲ ਹੀ, '*ਮਹਾਂਮਾਰੀ ਪ੍ਰਤੀ ਆਰਥਿਕ ਪ੍ਰਤਿਕਿਰਿਆ* ਦੇ ਸਿਰਲੇਖ ਹੇਠ ਵਧੇਰੇ ਵਿਆਪਕ ਆਰਥਿਕ ਦਖਲਅੰਦਾਜ਼ੀਆਂ ਦੀ ਕਾਰਗਰਤਾ ਦੀ ਪੜਤਾਲ ਕਰਨਾ ਹੈ। ਇਹ '*ਮਹਾਂਮਾਰੀ ਦੇ ਦੌਰਾਨ ਸਿਹਤ ਅਤੇ ਦੇਖਭਾਲ ਸੈਕਟਰ ਦੇ ਵਰਕਰਾਂ, ਅਤੇ ਹੋਰਨਾਂ ਮੁੱਖ ਵਰਕਰਾਂ ਦੇ ਅਨੁਭਵਾਂ ਅਤੇ ਉਹਨਾਂ ਉੱਪਰ ਅਸਰ* ਬਾਰੇ ਸੋਚ-ਵਿਚਾਰ ਦੇ ਜ਼ਰੀਏ ਕਈ ਤਰ੍ਹਾਂ ਦੇ ਸੈਕਟਰਾਂ ਵਿਚਲੇ ਵਰਕਰਾਂ ਦੇ ਅਨੁਭਵਾਂ 'ਤੇ ਵੀ ਗ਼ੌਰ ਕਰੇਗੀ। ਇਸ ਵਿਸ਼ੇ 'ਤੇ ਕਈ ਦਿਲ ਨੂੰ ਛੂਹ ਜਾਣ ਵਾਲੀਆਂ ਪ੍ਰਤਿਕਿਰਿਆਵਾਂ ਇਸ ਬਾਰੇ ਜਾਣਕਾਰੀ ਦਿੰਦੀਆਂ ਹਨ ਕਿ ਅਸੀਂ ਮਹਾਂਮਾਰੀ ਦੇ ਆਰਥਿਕ ਅਸਰ ਬਾਰੇ ਜਾਂਚ ਨੂੰ ਕਿਸ ਤਰ੍ਹਾਂ ਡਿਜ਼ਾਈਨ ਕਰਦੇ ਅਤੇ ਅਮਲ ਵਿੱਚ ਲਿਆਉਂਦੇ ਹਾਂ।

ਹਾਲਾਂਕਿ ਉਹਨਾਂ ਦਾ ਮੰਨਣਾ ਹੈ ਕਿ ਮੌਜੂਦਾ ਹਵਾਲਿਆਂ ਨਾਲ ਇਹਨਾਂ ਮੁੱਦਿਆਂ ਦੀ ਜਾਂਚ-ਪੜਤਾਲ ਕੀਤੀ ਜਾ ਸਕੇਗੀ, ਪਰ ਬੈਰੋਨੈਸ ਹੈਲੇਟ ਇਸ ਗੱਲ ਨਾਲ ਸਹਿਮਤ ਹਨ ਕਿ ਹੋਰ ਜ਼ਿਆਦਾ ਸਪਸ਼ਟਤਾ ਦੀ ਲੋੜ ਹੈ ਅਤੇ ਉਹ **ਸੰਦਰਭ ਦੀਆਂ ਸ਼ਰਤਾਂ ਵਿੱਚ ਦੋ ਚੀਜ਼ਾਂ ਜੋੜਨ ਦੀ ਸਿਫ਼ਾਰਸ਼ ਕਰਦੇ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਯਾਤਰਾ ਅਤੇ ਸੈਰ-ਸਪਾਟੇ, ਅਤੇ ਸਵੈ-ਰੁਜ਼ਗਾਰ ਵਿੱਚ ਲੱਗੇ ਲੋਕਾਂ 'ਤੇ ਖਾਸ ਤੌਰ 'ਤੇ ਸੋਚ-ਵਿਚਾਰ ਕੀਤਾ ਜਾਵੇ:**

- ਮੇਜ਼ਬਾਨੀ, ਪ੍ਰਚੂਨ, ਖੇਡਾਂ ਅਤੇ ਮਨ-ਪਰਚਾਵਾ ਅਤੇ ਯਾਤਰਾ ਤੇ ਸੈਰ-ਸਪਾਟਾ ਸੈਕਟਰਾਂ, ਪੂਜਾ ਸਥਾਨਾਂ, ਅਤੇ ਸੱਭਿਆਚਾਰਕ ਸੰਸਥਾਵਾਂ ਨੂੰ ਬੰਦ ਕਰਨਾ ਅਤੇ ਦੁਬਾਰਾ ਖੋਲ੍ਹਣਾ;
- ***ਕਾਰੋਬਾਰਾਂ, ਨੌਕਰੀਆਂ ਅਤੇ ਸਵੈ-ਰੁਜ਼ਗਾਰ ਵਿੱਚ ਲੱਗੇ ਲੋਕਾਂ ਲਈ ਸਹਾਇਤਾ, ਜਿਸ ਵਿੱਚ ਕੋਰੋਨਵਾਇਰਸ ਜੌਬ ਰੀਟੈਨਸ਼ਨ ਸਕੀਮ, ਸਵੈ-ਰੁਜ਼ਗਾਰ ਆਮਦਨ ਸਹਾਇਤਾ ਯੋਜਨਾ, ਕਰਜ਼ਾ ਯੋਜਨਾਵਾਂ, ਵਪਾਰਕ ਦਰਾਂ ਵਿੱਚ ਰਾਹਤ ਅਤੇ ਗ੍ਰਾਂਟਾਂ ਸ਼ਾਮਲ ਹਨ;***

## ਫ਼ੈਸਲੇ ਲੈਣ ਵਿੱਚ ਲਾਗਤ-ਲਾਭ ਵਿਸ਼ਲੇਸ਼ਣ ਦੀ ਭੂਮਿਕਾ

ਕਈ ਉੱਤਰਦਾਤਾਵਾਂ ਨੇ ਇਸ ਬਾਰੇ ਸਵਾਲ ਕੀਤਾ ਕਿ ਜਿਸ ਤਰ੍ਹਾਂ ਨਵੀਆਂ ਸਰਕਾਰੀ ਨੀਤੀਆਂ 'ਤੇ ਵਿਚਾਰ ਕਰਨ ਵੇਲੇ ਆਮ ਤੌਰ 'ਤੇ ਹੁੰਦਾ ਹੈ, ਉਸੇ ਤਰ੍ਹਾਂ ਕੀ ਸਰਕਾਰ ਨੇ ਮਹਾਂਮਾਰੀ ਦੇ ਹਰ ਪੜਾਅ 'ਤੇ ਲਾਗੂ ਕੀਤੇ ਜਾ ਰਹੇ ਉਪਾਵਾਂ ਨਾਲ ਜੁੜੀਆਂ ਲਾਗਤਾਂ ਅਤੇ ਲਾਭਾਂ ਦਾ ਪੂਰੀ ਤਰ੍ਹਾਂ ਨਾਲ ਮਾਡਲ ਬਣਾਇਆ ਸੀ ਜਾਂ ਨਹੀਂ।

ਹਾਲਾਂਕਿ ਇਹ ਮੁੱਖ ਰੂਪ ਵਿੱਚ ਲਾਕਡਾਊਨ ਵਰਗੀਆਂ ਗੈਰ-ਫ਼ਾਰਮਾਸਿਊਟਿਕਲ ਦਖਲਅੰਦਾਜ਼ੀਆਂ ਲਾਗੂ ਕਰਨ ਦੇ ਸਬੰਧ ਵਿੱਚ ਉਠਾਇਆ ਗਿਆ ਸੀ, ਪਰ ਉੱਤਰਦਾਤਾਵਾਂ ਨੇ ਇਹ ਸਵਾਲ ਵੀ ਉਠਾਇਆ ਕਿ ਕੀ ਅਜਿਹਾ ਹੀ ਵਿਸ਼ਲੇਸ਼ਣ ਆਰਥਿਕ ਉਪਾਵਾਂ ਜਿਵੇਂ ਕਿ ਕੋਰੋਨਾਵਾਇਰਸ ਜੌਬ ਰੀਟੈਨਸ਼ਨ ਸਕੀਮ ('ਫਰਲੋ' ਜਾਂ ਅਸਥਾਈ ਛਾਂਟੀ ਯੋਜਨਾ) ਅਤੇ 'ਮਦਦ ਕਰਨ ਲਈ ਬਾਹਰ ਖਾਣਾ ਖਾਓ' (Eat Out to Help Out) ਮੁਹਿੰਮ ਵਿੱਚ ਕੀਤਾ ਗਿਆ ਸੀ।

ਇਹਨਾਂ ਮੁੱਦਿਆਂ 'ਤੇ ਸਾਡੀਆਂ ਪੜਤਾਲਾਂ ਵਿੱਚ ਸੋਚ-ਵਿਚਾਰ ਕੀਤਾ ਜਾਵੇਗਾ, ਅਤੇ ਇਹ '*ਫ਼ੈਸਲੇ ਕਿਵੇਂ ਲਏ ਗਏ ਸਨ, ਇਹਨਾਂ ਨੂੰ ਕਿਵੇਂ ਪਹੁੰਚਾਇਆ ਅਤੇ ਲਾਗੂ ਕੀਤਾ ਗਿਆ ਸੀ* ਦੇ ਸਿਰਲੇਖ ਹੇਠ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਸ਼ਾਮਲ ਹਨ।

## ਸਲਾਹ-ਮਸ਼ਵਰੇ ਦੌਰਾਨ ਉਠਾਏ ਗਏ ਹੋਰ ਮੁੱਦੇ

ਸਲਾਹ-ਮਸ਼ਵਰੇ ਦੀਆਂ ਪ੍ਰਤਿਕਿਰਿਆਵਾਂ ਦੇ ਐਲਮਾ ਇਕਨੌਮਿਕਸ ਦੁਆਰਾ ਕੀਤੇ ਵਿਸ਼ਲੇਸ਼ਣ ਵਿੱਚ ਪਛਾਣੇ ਗਏ ਅਹਿਮ ਵਿਸ਼ਿਆਂ ਤੋਂ ਇਲਾਵਾ, ਹੋਰ ਕਈ ਮੁੱਦੇ ਵੀ ਉਠਾਏ ਗਏ ਹਨ ਜੋ ਇਸ ਗੱਲ 'ਤੇ ਵਿਚਾਰ ਕਰਨ ਲਾਇਕ ਹਨ ਕਿ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਉਹਨਾਂ ਨੂੰ ਕਿਵੇਂ ਦਰਸਾਇਆ ਜਾਂਦਾ ਹੈ।

### ਨਾਬਰਾਬਰੀਆਂ

ਕਈ ਉੱਤਰਦਾਤਾਵਾਂ ਨੇ ਇਹ ਸੁਝਾਇਆ ਕਿ ਨਸਲ, ਅਪਾਹਜਤਾ ਅਤੇ ਲਿੰਗ ਨਾਲ ਜੁੜੇ ਮੁੱਦਿਆਂ ਬਾਰੇ ਸੁਰੱਖਿਅਤ ਵਿਸ਼ੇਸ਼ਤਾਵਾਂ ਨਾਲ ਸਬੰਧਤ ਮੌਜੂਦਾ ਸ਼ਬਦਾਵਲੀ ਤੋਂ ਇਲਾਵਾ, ਖਾਸ ਕਰਕੇ ਸੰਦਰਭ ਦੀਆਂ ਸ਼ਰਤਾਂ ਵਿੱਚ ਖੁੱਲ੍ਹ ਕੇ ਗੱਲ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਸਮੂਹਾਂ ਨੂੰ ਪ੍ਰਭਾਵਤ ਕਰਨ ਵਾਲੇ ਅਹਿਮ ਮੁੱਦੇ ਛੁੱਟ ਨਾ ਜਾਣ। ਇਸ ਬਾਰੇ ਵੀ ਚਿੰਤਾਵਾਂ ਜਤਾਈਆਂ ਗਈਆਂ ਸਨ ਕਿ ਸੁਰੱਖਿਅਤ ਵਿਸ਼ੇਸ਼ਤਾਵਾਂ ਨਾਲ ਸਬੰਧਤ ਮੌਜੂਦਾ ਸ਼ਬਦਾਵਲੀ ਸੰਦਰਭ ਦੀਆਂ ਸ਼ਰਤਾਂ ਦੇ ਅੰਤ ਦੇ ਨੇੜੇ ਆਉਂਦੀ ਹੈ, ਜਿਸਤੋਂ ਇਹ ਧਾਰਨਾ ਬਣਦੀ ਹੈ ਕਿ ਇਹ ਕੋਈ ਬਾਅਦ ਵਿੱਚ ਸੁੱਝੀ ਹੋਈ ਗੱਲ ਹੈ।

ਉੱਤਰਦਾਤਾਵਾਂ ਨੇ ਇਹ ਜ਼ਿਕਰ ਵੀ ਕੀਤਾ ਕਿ ਸੁਰੱਖਿਅਤ ਵਿਸ਼ੇਸ਼ਤਾਵਾਂ ਦਾ ਸਿਰਫ਼ ਜ਼ਿਕਰ ਕਰਦੇ ਹੋਏ, ਇਨਕੁਆਇਰੀ ਦੇ ਉਹਨਾਂ ਨਾਬਰਾਬਰੀਆਂ 'ਤੇ ਵਿਚਾਰ ਕਰਨ ਵਿੱਚ ਅਸਫ਼ਲ ਰਹਿ ਜਾਣ ਦਾ ਜੋਖਮ ਹੋਵੇਗਾ ਜੋ ਕਾਨੂੰਨ ਵਿੱਚ ਸੁਰੱਖਿਅਤ ਵਿਸ਼ੇਸ਼ਤਾਵਾਂ ਨਹੀਂ ਹਨ, ਪਰ ਫ਼ਿਰ ਵੀ ਜਿਹਨਾਂ ਨੂੰ ਇਸ ਪੱਖੋਂ ਮਹੱਤਵਪੂਰਣ ਕਾਰਕ ਮੰਨਿਆ ਜਾਂਦਾ ਹੈ ਕਿ ਮਹਾਂਮਾਰੀ ਨੇ ਕਿਸ ਤਰ੍ਹਾਂ ਵੱਖ-ਵੱਖ ਸਮੂਹਾਂ 'ਤੇ ਅਸਰ ਪਾਇਆ ਸੀ — ਉਦਾਹਰਣ ਲਈ, ਆਮਦਨ ਅਤੇ ਰਿਹਾਇਸ਼ ਦੀ ਗੁਣਵੱਤਾ।

ਇਸ ਕਰਕੇ ਬੈਰੋਨੈਸ ਹੈਲੇਟ **ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਵਿਸ਼ੇ ਵਿੱਚ ਸ਼ਬਦਾਵਲੀ ਵਿੱਚ ਸੋਧ ਕਰਨ ਦੀ ਸਿਫ਼ਾਰਿਸ਼ ਕਰਦੇ ਹਨ ਤਾਂ ਜੋ ਇਸਨੂੰ ਇਨਕੁਆਇਰੀ ਦਾ ਇੱਕ ਅਤਿਅੰਤ ਵਿਆਪੀ ਉਦੇਸ਼ ਬਣਾਇਆ ਜਾ ਸਕੇ, ਅਤੇ ਇਸਦੇ ਫੋਕਸ ਦਾ ਵਿਸਤਾਰ ਖਾਸ ਤੌਰ 'ਤੇ ਸੁਰੱਖਿਅਤ ਵਿਸ਼ੇਸ਼ਤਾਵਾਂ ਤੋਂ ਪਰੇ ਕੀਤਾ ਜਾ ਸਕੇ:**

- ***ਆਪਣੇ ਕੰਮ ਨੂੰ ਨੇਪਰੇ ਚੜ੍ਹਾਉਣ ਵਿੱਚ, ਇਨਕੁਆਇਰੀ ਵੱਖ ਵੱਖ ਸ਼੍ਰੇਣੀਆਂ ਦੇ ਲੋਕਾਂ 'ਤੇ ਮਹਾਂਮਾਰੀ ਦੇ ਅਸਰ ਵਿੱਚ ਸਪਸ਼ਟ ਦਿਖਾਈ ਦਿੰਦੀਆਂ ਕੋਈ ਵੀ ਨਾਬਰਾਬਰੀਆਂ 'ਤੇ ਸੋਚ-ਵਿਚਾਰ ਕਰੇਗੀ, ਜਿਹਨਾਂ ਵਿੱਚ ਬਰਾਬਰੀ ਦਾ ਕਾਨੂੰਨ 2010 (Equality Act 2010) ਦੇ ਤਹਿਤ ਸੁਰੱਖਿਅਤ***

***ਵਿਸ਼ੇਸ਼ਤਾਵਾਂ ਅਤੇ ਉੱਤਰੀ ਆਇਰਲੈਂਡ ਕਾਨੂੰਨ 1998 (Northern Ireland Act 1998) ਦੇ ਅਧੀਨ ਬਰਾਬਰੀ ਵਾਲੀਆਂ ਸ਼੍ਰੇਣੀਆਂ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹਨ।***

ਉਹਨਾਂ ਨੇ ਇਹ ਤਜਵੀਜ਼ ਵੀ ਦਿੱਤੀ ਹੈ ਕਿ ਇਸਦੀ ਅਹਿਮੀਅਤ 'ਤੇ ਜ਼ੋਰ ਦੇਣ ਲਈ ਇਹ ਸੰਦਰਭ ਦੀਆਂ ਸ਼ਰਤਾਂ ਦੇ ਸ਼ੁਰੂਆਤੀ ਭਾਗ ਵਿੱਚ ਆਉਣਾ ਚਾਹੀਦਾ ਹੈ। ਜਿਵੇਂ-ਜਿਵੇਂ ਸਾਡੇ ਕੰਮ ਵਿੱਚ ਨਾਬਰਾਬਰੀ ਨਾਲ ਜੁੜੇ ਮੁੱਦੇ ਪੈਦਾ ਹੋਣਗੇ ਅਸੀਂ ਉਹਨਾਂ ਦੀ ਜਾਂਚ ਕਰਾਂਗੇ, ਅਤੇ ਇਸ ਬਾਰੇ ਸੋਚ-ਵਿਚਾਰ ਕਰਾਂਗੇ ਜਿੱਥੇ ਇੱਕ ਤੋਂ ਵੱਧ ਨਾਬਰਾਬਰੀਆਂ ਦਾ ਅਨੁਭਵ ਕਰਨ ਵਾਲੇ ਲੋਕਾਂ ਉੱਤੇ ਅਸਰ ਮੁਕਾਬਲਤਨ ਕਿਤੇ ਵਧੇਰੇ ਹੁੰਦਾ ਹੈ।

ਅਸੀਂ ਇਹ ਪੱਕਾ ਕਰਨ ਲਈ ਵੀ ਵਚਨਬੱਧ ਹਾਂ ਕਿ ਅਸੀਂ ਆਪਣੇ ਕੰਮ ਨੂੰ ਅਜਿਹੇ ਤਰੀਕੇ ਨਾਲ ਨੇਪਰੇ ਚੜ੍ਹਾਈਏ ਦੇਈਏ ਜੋ ਵਾਂਝੇ ਅਤੇ ਘੱਟ ਨੁਮਾਇੰਦਗੀ ਵਾਲੇ ਸਮੂਹਾਂ ਤੱਕ ਪਹੁੰਚਯੋਗ ਹੋਵੇ। ਸਾਨੂੰ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਅਤੇ ਵੈੱਬਸਾਈਟ 'ਤੇ ਸਾਡੇ ਦੁਆਰਾ ਪ੍ਰਕਾਸ਼ਤ ਕੀਤੀ ਗਈ ਸਲਾਹ-ਮਸ਼ਵਰੇ ਦੀ ਸਮੱਗਰੀ ਦੀ ਪਹੁੰਚਯੋਗਤਾ ਬਾਰੇ ਫ਼ੀਡਬੈਕ ਮਿਲੀ ਹੈ, ਅਤੇ ਜਦੋਂ ਇਨਕੁਆਇਰੀ ਰਸਮੀ ਤੌਰ 'ਤੇ ਸ਼ੁਰੂ ਹੋ ਜਾਵੇਗੀ ਤਾਂ ਅਸੀਂ ਸੰਚਾਰ ਕਰਨ ਦੇ ਸਾਡੇ ਤਰੀਕੇ ਵਿੱਚ ਤਬਦੀਲੀਆਂ ਕਰਾਂਗੇ। ਇਸ ਵਿੱਚ ਇਨਕੁਆਇਰੀ ਰਿਪੋਰਟਾਂ ਅਤੇ ਹੋਰਨਾਂ ਮੁੱਖ ਦਸਤਾਵੇਜ਼ਾਂ ਦਾ ਦੂਜੀਆਂ ਆਮ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਅਨੁਵਾਦ ਕਰਨਾ, ਅਤੇ ਉਹਨਾਂ ਨੂੰ ਇੱਕ ਤੋਂ ਵੱਧ ਪਹੁੰਚਯੋਗ ਫ਼ਾਰਮੈਟਾਂ ਵਿੱਚ ਉਪਲਬਧ ਕਰਾਉਣਾ ਸ਼ਾਮਲ ਹੋਣ ਦੀ ਸੰਭਾਵਨਾ ਹੈ।

## ਮਨੁੱਖੀ ਅਧਿਕਾਰ ਅਤੇ ਨਾਗਰਿਕ ਸੁਤੰਤਰਤਾ

ਸਲਾਹ-ਮਸ਼ਵਰੇ ਦੀ ਸਮੁੱਚੀ ਪ੍ਰਕਿਰਿਆ ਦੌਰਾਨ ਇੱਕ ਵਿਸ਼ਾ ਮਨੁੱਖੀ ਅਧਿਕਾਰਾਂ ਅਤੇ ਨਾਗਰਿਕ ਅਜ਼ਾਦੀ ਉੱਪਰ ਮਹਾਂਮਾਰੀ ਦਾ ਅਸਰ ਰਿਹਾ ਹੈ। ਉੱਤਰਦਾਤਾਵਾਂ ਨੇ ਮਨੁੱਖੀ ਅਧਿਕਾਰਾਂ 'ਤੇ ਯੂਰਪੀ ਸੰਮੇਲਨ (European Convention on Human Rights) ਦੇ ਤਹਿਤ ਸੁਰੱਖਿਅਤ ਅਧਿਕਾਰਾਂ ਉੱਪਰ ਪ੍ਰਭਾਵ ਪਾਉਣ ਵਾਲੇ ਸਮਝੇ ਜਾਂਦੇ ਵਿਆਪਕ ਕਿਸਮ ਦੇ ਮੁੱਦਿਆਂ ਨੂੰ ਉਠਾਇਆ, ਜਿਹਨਾਂ ਵਿੱਚ ਸ਼ਾਮਲ ਹਨ:

- ਕੀ ਸਰਕਾਰ ਦੀ ਸ਼ੁਰੂਆਤੀ ਮਹਾਂਮਾਰੀ ਪ੍ਰਤਿਕਿਰਿਆ ਧਾਰਾ 2 ਦੇ ਫ਼ਰਜ਼ ਦੇ ਅਨੁਸਾਰ ਸੀ ਕਿ ਰਾਜ ਜੀਵਨ ਦੀ ਸੁਰੱਖਿਆ ਲਈ ਢੁਕਵੇਂ ਰੋਕਥਾਮ ਉਪਾਅ ਕਰੇ;

- ਕੁਝ ਸੈਕਟਰਾਂ ਵਿੱਚ ਟੀਕਾਕਰਣ ਨੂੰ ਜ਼ਰੂਰੀ ਬਣਾਉਣਾ, ਅਤੇ ਅੰਤਰਰਾਸ਼ਟਰੀ ਯਾਤਰਾ ਲਈ ਵੈਕਸੀਨ ਪ੍ਰਮਾਣੀਕਰਣ ਦੀਆਂ ਲੋੜਾਂ;

- ਧਰਮ ਦੀ ਅਜ਼ਾਦੀ ਦੇ ਅਧਿਕਾਰ ਨਾਲ ਪੂਜਾ ਸਥਾਨਾਂ ਦੇ ਬੰਦ ਹੋਣ ਦਾ ਪਰਸਪਰ ਪ੍ਰਭਾਵ;

- ਇਕੱਠ ਕਰਨ ਦੀ ਆਜ਼ਾਦੀ 'ਤੇ ਕੋਵਿਡ-ਸਬੰਧੀ ਪਾਬੰਦੀਆਂ ਦੇ ਲਾਗੂ ਹੋਣ ਦਾ ਅਸਰ, ਖਾਸ ਕਰਕੇ ਵਿਰੋਧ ਪ੍ਰਦਰਸ਼ਨਾਂ ਦੇ ਵਿਸ਼ੇ ਵਿੱਚ;

- ਬੋਲਣ ਦੀ ਅਜ਼ਾਦੀ, ਖਾਸ ਕਰਕੇ ਸੋਸ਼ਲ ਮੀਡੀਆ ਤੋਂ ਸਮੱਗਰੀ ਨੂੰ ਚਿੰਨ੍ਹਿਤ ਕਰਨ ਅਤੇ ਹਟਾਉਣ ਦੇ ਵਿਸ਼ੇ ਵਿੱਚ ਅਤੇ ਉਹਨਾਂ ਵਿਗਿਆਨੀਆਂ 'ਤੇ ਕਥਿਤ ਰੂਪ ਵਿੱਚ ਪਾਬੰਦੀਆਂ ਲਗਾਉਣ ਜਿਹਨਾਂ ਨੇ ਕੋਵਿਡ-ਸਬੰਧੀ ਪਾਬੰਦੀਆਂ ਦੇ ਪ੍ਰਚਲਿਤ ਦ੍ਰਿਸ਼ਟੀਕੋਣ ਨੂੰ ਚੁਣੌਤੀ ਦਿੱਤੀ।

ਇਹਨਾਂ ਵਿੱਚੋਂ ਕਈ ਪ੍ਰਤਿਕਿਰਿਆਵਾਂ ਨੇ ਕਿਹਾ ਕਿ ਇਨਕੁਆਇਰੀ ਆਪਣੀ ਜਾਂਚਾਂ ਲਈ ਮਨੁੱਖੀ ਅਧਿਕਾਰਾਂ 'ਤੇ ਖਾਸ ਧਿਆਨ ਦੇਵੇ।

ਬੈਰੋਨੈਸ ਹੈਲੇਟ ਚਿੰਤਾਵਾਂ ਨੂੰ ਸਮਝਦੇ ਹਨ ਪਰ ਉਹ ਇਹ ਨਹੀਂ ਮੰਨਦੇ ਕਿ ਇਸ ਮੁੱਦੇ 'ਤੇ ਸੰਦਰਭ ਦੀਆਂ ਸ਼ਰਤਾਂ ਵਿੱਚ ਅੱਗੇ ਕੋਈ ਹੋਰ ਸੋਧਾਂ ਦੀ ਲੋੜ ਹੈ। ਕੋਈ ਵੀ ਸਬੰਧਤ ਅਤੇ ਲਾਗੂ ਹੁੰਦੇ ਮਨੁੱਖੀ ਅਧਿਕਾਰਾਂ, ਜਿਉਂ-ਜਿਉਂ ਸਾਡੇ ਕੰਮ ਵਿੱਚ ਇਹ ਉਭਰਨਗੇ, ਦੇ ਕਾਰਜ-ਖੇਤਰ ਅਤੇ ਅਸਰ ਦੀ ਪੂਰੀ ਤਰ੍ਹਾਂ ਨਾਲ ਛਾਣਬੀਣ ਕੀਤੀ ਜਾਵੇਗੀ, ਅਤੇ ਇਸ ਮੁੱਦੇ ਉੱਪਰ ਚਿੰਤਾ ਦੇ ਮੱਦੇਨਜ਼ਰ, ਉਹਨਾਂ ਨੇ ਇਹ ਨਤੀਜਾ ਕੱਢਿਆ ਹੈ ਕਿ ਆਪਣੇ ਕੰਮ ਨੂੰ ਨੇਪਰੇ ਚੜ੍ਹਾਉਣ ਵਿੱਚ, ਇਨਕੁਆਇਰੀ ਆਪਣੀ ਰੂਪਰੇਖਾ ਵਿੱਚ ਸੇਧ ਲਈ ਭਾਗੀਦਾਰੀ (Participation), ਜਵਾਬਦੇਹੀ (Accountability), ਗੈਰ-ਵਿਤਕਰੇ (Non-discrimination), ਸ਼ਕਤੀਕਰਨ (Empowerment) ਅਤੇ ਵੈਧਤਾ (Legality) ਦੇ 'PANEL' ਸਿਧਾਂਤਾਂ ਨੂੰ ਅਪਣਾਏਗੀ, ਜਿਵੇਂ ਕਿ ਮਨੁੱਖੀ ਅਧਿਕਾਰਾਂ ਦੀਆਂ ਜਾਂਚਾਂ ਵਿੱਚ ਵਰਤਿਆ ਜਾਂਦਾ ਹੈ।

## ਲੰਬਾ ਕੋਵਿਡ

ਸਲਾਹ-ਮਸ਼ਵਰੇ ਦੀਆਂ ਪ੍ਰਤਿਕਿਰਿਆਵਾਂ ਨੇ ਇਹ ਚਿੰਤਾਵਾਂ ਪ੍ਰਗਟਾਈਆਂ ਕਿ ਲੰਬੇ ਕੋਵਿਡ (ਕਈ ਵਾਰ ਕੋਵਿਡ ਤੋਂ ਬਾਅਦ ਦੇ ਲੱਛਣ ਵੀ ਕਿਹਾ ਜਾਂਦਾ ਹੈ) 'ਤੇ ਇਨਕੁਆਇਰੀ ਦੀ ਜਾਂਚ-ਪੜਤਾਲ ਦੇ ਅੰਦਰ ਲੋੜੀਂਦੇ ਰੂਪ ਵਿੱਚ ਸੋਚ-ਵਿਚਾਰ ਨਹੀਂ ਕੀਤਾ ਜਾਵੇਗਾ।

ਸੰਦਰਭ ਦੀਆਂ ਸ਼ਰਤਾਂ ਦਾ ਮਸੌਦਾ ਸਿਹਤ-ਸੰਭਾਲ ਸੈਕਟਰ ਦੇ *'ਲੰਬੇ ਕੋਵਿਡ ਦਾ ਅਨੁਭਵ ਕਰ ਰਹੇ ਲੋਕਾਂ ਲਈ ਪ੍ਰਬੰਧ* ਨੂੰ ਕਵਰ ਕਰਦਾ ਹੈ। ਅਸੀਂ ਇਸ ਗੱਲ ਦੀ ਵੀ ਜਾਂਚ ਕਰਾਂਗੇ ਕਿ ਲੰਬੇ ਕੋਵਿਡ ਨਾਲ ਜੁੜੇ ਜੋਖਮਾਂ 'ਤੇ ਸੰਦਰਭ ਦੀਆਂ ਸ਼ਰਤਾਂ ਦੇ ਹੋਰਨਾਂ ਹਿੱਸਿਆਂ ਦੇ ਤਹਿਤ ਕਿਸ ਹੱਦ ਤਕ ਵਿਚਾਰ ਕੀਤਾ ਗਿਆ ਸੀ — ਉਦਾਹਰਣ ਲਈ, *'ਫ਼ੈਸਲੇ ਕਿਵੇਂ ਲਏ ਗਏ ਸਨ, ਇਹਨਾਂ ਨੂੰ ਕਿਵੇਂ ਪਹੁੰਚਾਇਆ ਅਤੇ ਲਾਗੂ ਕੀਤਾ ਗਿਆ ਸੀ* 'ਤੇ ਸੋਚ-ਵਿਚਾਰ ਵਿੱਚ ਇਸ ਬਾਰੇ ਜਾਂਚ-ਪੜਤਾਲ ਸ਼ਾਮਲ ਹੋਵੇਗੀ ਕਿ ਲਾਕਡਾਊਨ ਉਪਾਵਾਂ ਨੂੰ ਲਾਗੂ ਕਰਨ ਦੇ ਫ਼ੈਸਲਿਆਂ ਵਿੱਚ ਲੰਮੇ ਕੋਵਿਡ 'ਤੇ ਕਿਵੇਂ ਵਿਚਾਰ ਕੀਤਾ ਗਿਆ ਸੀ।

ਇਸ ਕਰਕੇ ਬੈਰੋਨੈਸ ਹੈਲੇਟ **ਇਹ ਸਿਫ਼ਾਰਸ਼ ਨਹੀਂ ਕਰ ਰਹੇ ਹਨ ਕਿ ਸੰਦਰਭ ਦੀਆਂ ਸ਼ਰਤਾਂ ਵਿੱਚ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਅੱਗੇ ਹੋਰ ਸੋਧ ਦੀ ਲੋੜ ਹੈ ਕਿ ਲੰਬੇ ਕੋਵਿਡ ਨਾਲ ਢੁਕਵੇਂ ਰੂਪ ਵਿੱਚ ਨਜਿੱਠਿਆ ਗਿਆ ਹੈ।**

## ਸੋਗ ਅਤੇ ਅੰਤਿਮ-ਸੰਸਕਾਰ ਦਾ ਅਨੁਭਵ

ਸਲਾਹ-ਮਸ਼ਵਰੇ ਦੇ ਦੌਰਾਨ ਸੋਗਗ੍ਰਸਤ ਪਰਿਵਾਰਾਂ ਨੂੰ ਮੁਹੱਈਆ ਕੀਤੀ ਗਈ ਸਹਾਇਤਾ ਬਾਰੇ ਅਕਸਰ ਚਿੰਤਾਵਾਂ ਉਠਾਈਆਂ ਗਈਆਂ ਸਨ। ਉੱਤਰਦਾਤਾਵਾਂ ਨੇ ਕਿਹਾ ਕਿ ਇਨਕੁਆਇਰੀ ਹਸਪਤਾਲਾਂ ਅਤੇ ਦੇਖਭਾਲ ਘਰਾਂ ਵਿੱਚ ਮਰ ਰਹੇ ਰਿਸ਼ਤੇਦਾਰਾਂ ਨੂੰ ਮਿਲਣ ਜਾਣ 'ਤੇ ਪਾਬੰਦੀਆਂ, ਅਤੇ ਅੰਤਮ-ਸੰਸਕਾਰ ਵਿਖੇ ਹਾਜ਼ਰੀ 'ਤੇ ਪਾਬੰਦੀਆਂ ਦੇ ਮਾਨਸਿਕ ਸਿਹਤ ਉੱਪਰ ਅਸਰ ਦੀ ਜਾਂਚ-ਪੜਤਾਲ ਕਰੇ — ਖਾਸ ਕਰਕੇ ਜਿੱਥੇ ਅੰਤਮ-ਸੰਸਕਾਰ ਸੱਭਿਆਚਾਰਕ ਜਾਂ ਧਾਰਮਿਕ ਰੀਤੀ-ਰਿਵਾਜਾਂ ਮੁਤਾਬਕ ਨਹੀਂ ਕੀਤੇ ਜਾ ਸਕੇ। ਉੱਤਰਦਾਤਾਵਾਂ ਨੇ ਸੋਗਗ੍ਰਸਤ ਲੋਕਾਂ ਲਈ ਵਿੱਤੀ ਸਹਾਇਤਾ ਦੀ ਕਮੀ ਅਤੇ ਮ੍ਰਿਤਕ ਨੂੰ ਲਾਭਾਂ ਦੇ ਵਾਧੂ ਭੁਗਤਾਨਾਂ ਨੂੰ ਵਾਪਸ ਲੈਣ ਦਾ ਵੀ ਜ਼ਿਕਰ ਕੀਤਾ।

ਬੈਰੋਨੈਸ ਹੈਲੇਟ **ਇਸ ਬਾਰੇ ਸਹਿਮਤ ਹਨ ਕਿ ਇਹਨਾਂ ਮੁੱਦਿਆਂ ਨੂੰ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਦਰਸਾਇਆ ਜਾਣਾ ਚਾਹੀਦਾ ਹੈ, ਅਤੇ ਪਹਿਲਾਂ ਤੋਂ ਜ਼ਿਕਰ ਕੀਤੇ ਗਏ ਵਾਧੂ ਹਵਾਲੇ, ਜੋ ਇਨਕੁਆਇਰੀ ਨੂੰ ਮਾਨਸਿਕ ਸਿਹਤ ਨਾਲ ਨਜਿੱਠਣ ਦੀ ਆਗਿਆ ਦਿੰਦੇ ਹਨ, ਸਾਨੂੰ ਉਹ ਗੁੰਜਾਇਸ਼ ਪ੍ਰਦਾਨ ਕਰਨਗੇ। ਹਾਲਾਂਕਿ, ਹੋਰ ਜ਼ਿਆਦਾ ਸਪਸ਼ਟਤਾ ਨੂੰ ਯਕੀਨੀ ਬਣਾਉਣ ਲਈ, ਉਹ ਇਹ ਜੋੜਨ ਦੀ ਸਿਫ਼ਾਰਸ਼ ਵੀ ਕਰਦੇ ਹਨ:**

- ***ਸੋਗ ਤੋਂ ਬਾਅਦ ਦੀ ਸਹਾਇਤਾ ਸਮੇਤ ਸੋਗਗ੍ਰਸਤ*** **ਲੋਕਾਂ ਦੀ ਮਾਨਸਿਕ ਸਿਹਤ ਅਤੇ ਤੰਦਰੁਸਤੀ 'ਤੇ ਅਸਰ**

ਮਹਾਂਮਾਰੀ ਦੌਰਾਨ ਸੋਗਗ੍ਰਸਤ ਲੋਕਾਂ ਤੋਂ ਮਿਲੀਆਂ ਕਈ ਜ਼ਬਰਦਸਤ ਅਤੇ ਦਿਲ ਛੂਹ ਜਾਣ ਵਾਲੀਆਂ ਪ੍ਰਤਿਕਿਰਿਆਵਾਂ ਤੋਂ ਇਲਾਵਾ, ਅਸੀਂ ਮੁਰਦਾਘਰ ਅਤੇ ਅੰਤਮ-ਸੰਸਕਾਰ ਸੈਕਟਰ 'ਤੇ ਮਹਾਂਮਾਰੀ ਦੇ ਅਸਰ ਬਾਰੇ ਵੀ ਸੁਣਿਆ, ਜਿਸ ਵਿੱਚ ਉੱਤਰਦਾਤਾਵਾਂ ਨੇ ਸੈਕਟਰ 'ਤੇ ਅਸਰ ਪਾਉਣ ਵਾਲੇ ਮਾਰਗਦਰਸ਼ਨ ਨੂੰ ਤਿਆਰ ਕਰਨ ਵਾਲੇ ਬਹੁਤ ਸਾਰੇ ਸਰਕਾਰੀ ਵਿਭਾਗਾਂ ਦੁਆਰਾ ਪੈਦਾ ਕੀਤੀਆਂ ਔਕੜਾਂ ਅਤੇ ਯੂਕੇ ਅਤੇ ਮਨੋਨੀਤ ਸਰਕਾਰਾਂ ਦਰਮਿਆਨ ਦ੍ਰਿਸ਼ਟੀਕੋਣ ਵਿੱਚ ਭਿੰਨਤਾਵਾਂ ਦਾ ਜ਼ਿਕਰ ਕੀਤਾ। ਸੈਕਟਰ ਵਿਚਲੇ ਸਟਾਫ਼ ਉੱਪਰ ਅਸਰ ਨੂੰ ਵੀ ਉਠਾਇਆ ਗਿਆ ਸੀ — ਉਦਾਹਰਨ ਲਈ, ਟੈਸਟਿੰਗ ਅਤੇ PPE ਤੱਕ ਪਹੁੰਚਣ ਜਾਂ 'ਕੀ ਵਰਕਰਸ' (ਮੁੱਖ ਕਰਮਚਾਰੀਆਂ) ਵਜੋਂ ਪਛਾਣੇ ਜਾਣ ਵਿੱਚ ਪੇਸ਼ ਆਈਆਂ ਮੁਸ਼ਕਲਾਂ।

ਬੈਰੋਨੈਸ ਹੈਲੇਟ **ਦਾ ਮੰਨਣਾ ਹੈ ਕਿ ਮੁਰਦਾਘਰ ਅਤੇ ਅੰਤਮ-ਸੰਸਕਾਰ ਸੈਕਟਰ ਅਤੇ ਇਸਦੇ ਸਟਾਫ ਉੱਪਰ ਅਸਰ ਨੂੰ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਲੋੜੀਂਦੇ ਰੂਪ ਵਿੱਚ ਸ਼ਾਮਲ ਕੀਤਾ ਹੋਇਆ ਹੈ, ਅਤੇ ਇਸ ਕਰਕੇ ਅੱਗੇ ਕਿਸੇ ਹੋਰ ਸੋਧ ਦੀ ਸਿਫ਼ਾਰਸ਼ ਨਹੀਂ ਕਰਦੇ ਹਨ।**

**ਪੂਜਾ ਸਥਾਨ**

ਅਸੀਂ ਪੂਜਾ ਸਥਾਨਾਂ 'ਤੇ ਲਾਗੂ ਕੀਤੀਆਂ ਗਈਆਂ ਪਾਬੰਦੀਆਂ ਅਤੇ ਕਮਿਊਨਿਟੀ ਸਹਾਇਤਾ, ਵਿਆਹਾਂ ਅਤੇ ਅੰਤਮ-ਸੰਸਕਾਰ ਵਰਗੀਆਂ ਜੀਵਨ ਦੀਆਂ ਮੀਲਪੱਥਰ ਘਟਨਾਵਾਂ ਮਨਾਉਣ, ਅਤੇ ਧਾਰਮਿਕ ਤਿਉਹਾਰ ਮਨਾਉਣ ਉੱਪਰ ਇਸਦਾ ਜੋ ਅਸਰ ਪਿਆ ਹੈ, ਉਸ ਬਾਰੇ ਆਸਥਾ ਸਮੂਹਾਂ ਤੋਂ ਸੁਣਿਆ ਹੈ।

ਸਲਾਹ-ਮਸ਼ਵਰੇ ਲਈ ਪ੍ਰਤਿਕਿਰਿਆ ਨੇ ਪੂਜਾ ਸਥਾਨਾਂ ਉੱਪਰ ਪਾਬੰਦੀਆਂ ਅਤੇ ਮਨੁੱਖੀ ਅਧਿਕਾਰਾਂ 'ਤੇ ਯੂਰਪੀ ਕਨਵੈਨਸ਼ਨ ਦੇ ਤਹਿਤ ਧਰਮ ਦੀ ਅਜ਼ਾਦੀ ਦੇ ਅਧਿਕਾਰਾਂ ਅਤੇ ਇਕੱਠ ਕਰਨ ਦੀ ਅਜ਼ਾਦੀ ਦੇ ਦਰਮਿਆਨ ਪਰਸਪਰ ਪ੍ਰਭਾਵ ਬਾਰੇ ਚਿੰਤਾਵਾਂ ਵੀ ਪ੍ਰਗਟਾਈਆਂ।

ਇਸ ਲਈ ਬੈਰੋਨੈਸ ਹੈਲੇਟ **ਸਿਫਾਰਸ਼ ਕਰਦੇ ਹਨ ਕਿ ਸੰਦਰਭ ਦੀਆਂ ਸ਼ਰਤਾਂ ਵਿੱਚ ਹੇਠਾਂ ਦੱਸੇ ਨੂੰ ਸ਼ਾਮਲ ਕਰਨ ਲਈ ਸੋਧ ਕੀਤੀ ਜਾਵੇ:**

- ***ਮੇਜ਼ਬਾਨੀ, ਪ੍ਰਚੂਨ, ਖੇਡਾਂ ਅਤੇ ਮਨ-ਪਰਚਾਵਾ ਅਤੇ ਯਾਤਰਾ ਤੇ ਸੈਰ-ਸਪਾਟਾ ਸੈਕਟਰਾਂ, ਪੂਜਾ ਸਥਾਨਾਂ ਅਤੇ ਸੱਭਿਆਚਾਰਕ ਸੰਸਥਾਵਾਂ ਨੂੰ ਬੰਦ ਕਰਨਾ ਅਤੇ ਦੁਬਾਰਾ ਖੋਲ੍ਹਣਾ***

**ਲਾਕਡਾਊਨ ਦੀਆਂ ਪਾਬੰਦੀਆਂ ਨੂੰ ਲਾਗੂ ਕਰਨਾ**

ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੌਰਾਨ ਕੋਵਿਡ-ਸਬੰਧੀ ਕਾਨੂੰਨਾਂ ਅਤੇ ਨਿਯਮਾਂ ਨੂੰ ਲਾਗੂ ਕਰਨ ਦੀ ਗੱਲ ਨੂੰ ਵਾਰ-ਵਾਰ ਉਠਾਇਆ ਗਿਆ ਸੀ, ਜਿਸ ਵਿੱਚ ਪੁਲਿਸ ਦੀ ਪ੍ਰਤਿਕਿਰਿਆ ਦਾ ਸਮੁੱਚਾ ਲਹਿਜਾ ਅਤੇ ਅਨੁਰੂਪਤਾ ਅਤੇ ਵੱਖ-ਵੱਖ ਪੁਲਿਸ ਬਲਾਂ ਦਰਮਿਆਨ ਦ੍ਰਿਸ਼ਟੀਕੋਣ ਵਿੱਚ ਵਿਭਿੰਨਤਾ ਬਾਰੇ ਚਿੰਤਾਵਾਂ ਸ਼ਾਮਲ ਸਨ। ਵਿਰੋਧ ਪ੍ਰਦਰਸ਼ਨਾਂ ਅਤੇ ਜਨਤਕ ਇਕੱਠ ਦੀ ਪੁਲਿਸ ਵਿਵਸਥਾ, ਅਤੇ ਨਾਗਰਿਕਾਂ ਦੀ ਅਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਉੱਪਰ ਪਏ ਇਸਦੇ ਅਸਰ ਨੂੰ ਅਜਿਹੇ ਮੁੱਦਿਆਂ ਵਜੋਂ ਸੁਝਾਇਆ ਗਿਆ ਸੀ ਜਿਹਨਾਂ ਬਾਰੇ ਇਨਕੁਆਇਰੀ ਨੂੰ ਪੜਤਾਲ ਕਰਨੀ ਚਾਹੀਦੀ ਹੈ।

ਸੰਗਠਨਾਂ ਨੇ ਇਨਕੁਆਇਰੀ ਨੂੰ ਇਸ ਗੱਲ 'ਤੇ ਵਿਚਾਰ ਕਰਨ ਲਈ ਵੀ ਕਿਹਾ ਕਿ BAME ਭਾਈਚਾਰੇ ਪੁਲਿਸ ਵਿਵਸਥਾ ਦੀ ਪ੍ਰਤਿਕਿਰਿਆ ਦੁਆਰਾ ਅਣਮੇਲਵੇਂ ਢੰਗ ਨਾਲ ਪ੍ਰਭਾਵਤ ਹੋਏ ਸਨ ਜਾਂ ਨਹੀਂ — ਉਦਾਹਰਣ ਲਈ, ਕੀ ਉਹਨਾਂ ਨੂੰ ਅਣਮੇਲਵੇਂ ਰੂਪ ਵਿੱਚ ਚੇਤਾਵਨੀਆਂ ਦੀ ਬਜਾਏ ਜੁਰਮਾਨੇ ਕੀਤੇ ਜਾਣ ਦੀ ਸੰਭਾਵਨਾ ਸੀ, ਅਤੇ ਲਾਕਡਾਊਨ ਅਵਧੀਆਂ ਦੇ ਦੌਰਾਨ 'ਰੋਕੋ ਅਤੇ ਤਲਾਸ਼ੀ ਲਓ' ਸ਼ਕਤੀਆਂ ਦੇ ਇਸਤੇਮਾਲ ਵਿੱਚ ਸੂਚਿਤ ਕੀਤਾ ਗਿਆ ਵਾਧਾ।

ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ '*ਵਿਧਾਨਕ ਅਤੇ ਰੈਗੂਲੇਟਰੀ ਨਿਯੰਤ੍ਰਣ*' ਦੀ ਪੜਤਾਲ ਸ਼ਾਮਲ ਹੈ। ਹਾਲਾਂਕਿ ਇਸ ਦੀ ਕਲਪਨਾ ਹਮੇਸ਼ਾ ਕੋਵਿਡ-ਸਬੰਧੀ ਕਾਨੂੰਨ ਅਤੇ ਨਿਯਮਾਂ ਨੂੰ ਲਾਗੂ ਕਰਨ ਦੇ ਤਰੀਕੇ ਬਾਰੇ ਸੋਚ-ਵਿਚਾਰ ਸ਼ਾਮਲ ਕਰਨ ਲਈ ਕੀਤੀ ਗਈ ਸੀ, ਬੈਰੋਨੈਸ ਹੈਲੇਟ **ਇਸ ਨਾਲ ਸਹਿਮਤ ਹਨ ਕਿ ਟੈਕਸਟ ਵਿੱਚ ਹੇਠਾਂ ਦਿੱਤੀ ਸੋਧ ਕਰਕੇ ਇਸਨੂੰ ਸਪਸ਼ਟ ਕੀਤਾ ਜਾ ਸਕਦਾ ਹੈ:**

- ***ਵਿਧਾਨਕ ਅਤੇ ਰੈਗੂਲੇਟਰੀ ਨਿਯੰਤ੍ਰਣ, ਅਤੇ ਲਾਗੂਕਰਣ***

**ਘਰੇਲੂ ਬਦਸਲੂਕੀ**

ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਖਾਸ ਕਰਕੇ ਉਸ ਅਸਰ ਦਾ ਜ਼ਿਕਰ ਨਹੀਂ ਹੋਇਆ ਹੈ ਜੋ ਲਾਕਡਾਊਨ ਪਾਬੰਦੀਆਂ ਦਾ ਘਰੇਲੂ ਬਦਸਲੂਕੀ 'ਤੇ ਪਿਆ ਹੈ। ਅਸੀਂ ਘਰੇਲੂ ਬਦਸਲੂਕੀ ਦੇ ਪੀੜਤਾਂ ਨਾਲ ਕੰਮ ਕਰਨ ਵਾਲੇ ਸੰਗਠਨਾਂ ਤੋਂ ਸੁਣਿਆ ਹੈ ਕਿ ਮਹਾਂਮਾਰੀ ਦੇ ਦੌਰਾਨ ਅਤੇ ਖਾਸ ਕਰਕੇ ਲਾਕਡਾਊਨ ਦੀਆਂ ਅਵਧੀਆਂ ਦੌਰਾਨ ਘਰੇਲੂ ਬਦਸਲੂਕੀ ਦੀਆਂ ਘਟਨਾਵਾਂ ਦੀ ਗਿਣਤੀ ਅਤੇ ਗੰਭੀਰਤਾ ਦੋਵਾਂ ਵਿੱਚ ਵਾਧਾ ਹੋਇਆ ਹੈ।

ਅਸੀਂ ਇਹ ਵੀ ਸੁਣਿਆ ਹੈ ਕਿ ਲਾਕਡਾਊਨ ਪਾਬੰਦੀਆਂ ਦੀ ਪ੍ਰਕਿਰਤੀ ਨੇ ਘਰੇਲੂ ਬਦਸਲੂਕੀ ਦੇ ਪੀੜਤਾਂ ਵਾਸਤੇ ਦਾਨੀ ਸੰਸਥਾਵਾਂ ਅਤੇ ਭਾਈਚਾਰਿਆਂ ਤੋਂ ਸਹਾਇਤਾ ਤਕ ਪਹੁੰਚਣਾ ਹੋਰ ਵੀ ਮੁਸ਼ਕਲ ਬਣਾ ਦਿੱਤਾ ਸੀ, ਅਤੇ ਇਹ ਕਿ ਉਹਨਾਂ ਸੇਵਾਵਾਂ ਨੂੰ ਲਾਕਡਾਊਨ ਪਾਬੰਦੀਆਂ ਖਤਮ ਹੋਣ ਮਗਰੋਂ ਸੇਵਾਵਾਂ ਦੀ ਮੰਗ ਨੂੰ ਪੂਰਾ ਕਰਨ ਦੇ ਸਮਰੱਥ ਬਣਾਉਣ ਲਈ ਲੋੜੀਂਦੀ ਵਿੱਤੀ ਸਹਾਇਤਾ ਪ੍ਰਾਪਤ ਨਹੀਂ ਹੋਈ ਸੀ।

ਬੈਰੋਨੈਸ ਹੈਲੇਟ **ਸਹਿਮਤ ਹਨ ਕਿ ਸੰਦਰਭ ਦੀਆਂ ਸ਼ਰਤਾਂ ਵਿੱਚ ਘਰੇਲੂ ਬਦਸਲੂਕੀ ਦੇ ਪੀੜਤਾਂ 'ਤੇ ਲਾਕਡਾਊਨ ਪਾਬੰਦੀਆਂ ਦੇ ਅਸਰ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਅਤੇ ਇਹਨਾਂ ਵਿੱਚ ਹੇਠ ਲਿਖੇ ਨੂੰ ਸ਼ਾਮਲ ਕਰਨ ਲਈ ਸੋਧ ਕਰਨ ਦੀ ਸਿਫ਼ਾਰਸ਼ ਕਰਦੇ ਹਨ:**

- *ਘਰੇਲੂ ਬਦਸਲੂਕੀ ਦੇ ਪੀੜਤਾਂ ਲਈ ਸੁਰੱਖਿਆ ਅਤੇ ਸਹਾਰਾ*

**ਸਥਾਨਕ ਸਰਕਾਰ ਦੀ ਭੂਮਿਕਾ ਅਤੇ ਵਾਲੰਟਰੀ ਤੇ ਕਮਿਉਨਿਟੀ ਸੈਕਟਰ**

ਸਲਾਹ-ਮਸ਼ਵਰੇ ਦੇ ਉੱਤਰਦਾਤਾਵਾਂ ਨੇ ਮਹਿਸੂਸ ਕੀਤਾ ਕਿ ਸਥਾਨਕ ਅਥਾਰਟੀਆਂ ਦੁਆਰਾ ਫ਼ੈਸਲੇ ਲੈਣ ਅਤੇ ਸੇਵਾਵਾਂ ਪਹੁੰਚਾਉਣ ਨੂੰ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਲੋੜੀਂਦੇ ਰੂਪ ਵਿੱਚ ਮਾਨਤਾ ਨਹੀਂ ਦਿੱਤੀ ਗਈ ਸੀ — ਖਾਸ ਕਰਕੇ ਬਾਲਗਾਂ ਅਤੇ ਬੱਚਿਆਂ ਦੀ ਸਮਾਜਿਕ ਦੇਖਭਾਲ ਵਰਗੇ ਖੇਤਰਾਂ ਵਿੱਚ ਉਹਨਾਂ ਦੀ ਮੋਹਰੀ ਭੂਮਿਕਾ ਦੇ ਮੱਦੇਨਜ਼ਰ। ਅਸੀਂ ਯੂਕੇ ਸਰਕਾਰ ਅਤੇ ਸਥਾਨਕ ਅਥਾਰਟੀਆਂ ਦਰਮਿਆਨ ਤਾਲਮੇਲ ਦੀ ਕਾਰਗਰਤਾ 'ਤੇ ਦੋਵੇਂ, ਹਾਂ-ਪੱਖੀ ਟਿੱਪਣੀਆਂ ਵੀ ਸੁਣੀਆਂ — ਉਦਾਹਰਨ ਲਈ, ਮਹਾਂਮਾਰੀ ਦੇ ਦੌਰਾਨ ਬੇਘਰੇਪਣ ਅਤੇ ਸੜਕਾਂ 'ਤੇ ਸੌਣ ਨਾਲ ਨਿਪਟਣ ਵਿੱਚ — ਪਰ ਸਥਾਨਕ ਅਧਿਕਾਰੀਆਂ 'ਤੇ 'ਥੋਪੀਆਂ' ਗਈਆਂ ਨੀਤੀਆਂ ਬਾਰੇ ਚਿੰਤਾਵਾਂ ਵੀ ਸੁਣੀਆਂ।

ਸਲਾਹ-ਮਸ਼ਵਰੇ ਲਈ ਬਹੁਤ ਸਾਰੀਆਂ ਪ੍ਰਤਿਕਿਰਿਆਵਾਂ ਨੇ ਇਹ ਜ਼ਿਕਰ ਕੀਤਾ ਕਿ ਵਾਲੰਟਰੀ ਅਤੇ ਕਮਿਊਨਿਟੀ ਸੈਕਟਰ ਵਿੱਚ ਦਾਨੀ ਅਤੇ ਗੈਰ-ਮੁਨਾਫ਼ਾ ਸੰਗਠਨਾਂ ਨੇ ਵੀ ਮਹਾਂਮਾਰੀ ਲਈ ਪ੍ਰਤਿਕਿਰਿਆ ਵਿੱਚ ਇੱਕ ਅਹਿਮ ਭੂਮਿਕਾ ਨਿਭਾਈ, ਜਿਸ ਵਿੱਚ ਵਾਲੰਟੀਅਰਾਂ ਨੂੰ ਲਾਮਬੰਦ ਕਰਨਾ ਅਤੇ ਅਧਿਕਾਰਹੀਣ ਕਮਿਊਨਿਟੀਆਂ ਵਿੱਚ ਵਿਸ਼ਵਾਸ ਪੈਦਾ ਕਰਨਾ ਸ਼ਾਮਲ ਹਨ ਤਾਂ ਜੋ ਵੈਕਸੀਨ ਅਰੰਭ ਕਰਨ ਵਰਗੀਆਂ ਸਰਕਾਰੀ ਤਰਜੀਹਾਂ ਵਿੱਚ ਸਹਾਇਤਾ ਕੀਤੀ ਜਾ ਸਕੇ। ਹਾਲਾਂਕਿ, ਵਿਉਂਤਬੰਦੀ ਅਤੇ ਫ਼ੈਸਲੇ ਲੈਣ ਵਿੱਚ ਸੈਕਟਰ ਦੀ ਸ਼ਮੂਲੀਅਤ ਦੀ ਨਿਰੰਤਰਤਾ ਅਤੇ ਸਮਾਂ-ਅਨੁਕੂਲਤਾ, ਅਤੇ ਸੈਕਟਰ ਨੂੰ ਵਿੱਤੀ ਸਹਾਇਤਾ ਦੀ ਸੀਮਾ ਅਤੇ ਸਮਾਂ-ਅਨੁਕੂਲਤਾ ਬਾਰੇ ਚਿੰਤਾਵਾਂ ਜਤਾਈਆਂ ਗਈਆਂ ਸਨ।

ਬੈਰੋਨੈਸ ਹੈਲੇਟ **ਸਹਿਮਤ ਹਨ ਕਿ ਸਥਾਨਕ ਸਰਕਾਰ ਅਤੇ ਵਾਲੰਟਰੀ ਤੇ ਕਮਿਉਨਿਟੀ ਸੈਕਟਰ ਦੀਆਂ ਭੂਮਿਕਾਵਾਂ ਨੂੰ ਸੰਦਰਭ ਦੀਆਂ ਸ਼ਰਤਾਂ ਦੇ ਕਾਰਜ-ਖੇਤਰ ਵਿੱਚ ਵਧੇਰੇ ਸਪਸ਼ਟ ਰੂਪ ਵਿੱਚ ਦਰਸਾਇਆ ਜਾਣਾ ਚਾਹੀਦਾ ਹੈ, ਅਤੇ ਇਹ ਜੋੜਨ ਦੀ ਸਿਫ਼ਾਰਸ਼ ਕਰਦੇ ਹਨ (ਫ਼ੈਸਲੇ ਲੈਣ 'ਤੇ, ਪਹਿਲੇ ਸੈਕਸ਼ਨ ਵਿੱਚ):**

- *ਕੇਂਦਰ ਸਰਕਾਰ, ਮਨੋਨੀਤ ਪ੍ਰਸ਼ਾਸਨ, ਖੇਤਰੀ ਅਤੇ ਸਥਾਨਕ ਅਥਾਰਟੀਆਂ, ਅਤੇ ਵਾਲੰਟਰੀ ਤੇ ਕਮਿਉਨਿਟੀ ਸੈਕਟਰ ਦਰਮਿਆਨ ਸਹਿਯੋਗ;*

**ਅਤੇ, ਆਰਥਿਕ ਪ੍ਰਤਿਕਿਰਿਆ ਸੈਕਸ਼ਨ ਵਿੱਚ:**

- *ਵਾਲੰਟਰੀ ਅਤੇ ਕਮਿਉਨਿਟੀ ਸੈਕਟਰ ਲਈ ਵਾਧੂ ਫ਼ੰਡਿੰਗ*

*ਦੂਜੀਆਂ ਤਬਦੀਲੀਆਂ*

*ਬੈਰੋਨੈਸ ਹੈਲੇਟ ਨੇ ਹੋਰ ਬਹੁਤ ਸਾਰੀਆਂ ਤਬਦੀਲੀਆਂ ਦੀ ਸਿਫ਼ਾਰਸ਼ ਕੀਤੀ ਹੈ। ਨਾਬਰਾਬਰੀਆਂ ਨੂੰ ਇਨਕੁਆਇਰੀਆਂ ਦੇ ਉਦੇਸ਼ਾਂ ਤੋਂ ਉੱਪਰ ਲਿਜਾ ਕੇ ਸਾਡੇ ਫੋਕਸ ਦੀ ਅਹਿਮੀਅਤ ਅਤੇ ਦਿੱਸਣਯੋਗਤਾ ਨੂੰ ਵਧਾਉਣ ਦੇ ਉਹਨਾਂ ਦੇ ਫ਼ੈਸਲੇ ਨੇ, ਉਹਨਾਂ ਨੂੰ ਦੂਜੇ ਸਾਰੇ ਸੋਚ-ਵਿਚਾਰਾਂ ਲਈ ਵੀ ਅਜਿਹਾ ਕਰਨ ਲਈ ਪ੍ਰੇਰਿਤ ਕੀਤਾ ਜੋ ਇਨਕੁਆਇਰੀ ਦੇ ਪੂਰੇ ਕੰਮ ਵਿੱਚ ਮੌਜੂਦ ਹੋਣਗੇ। ਇਸ ਕਰਕੇ ਉਹਨਾਂ ਦੀ ਸਿਫ਼ਾਰਸ਼ ਹੈ ਕਿ ਇਨਕੁਆਇਰੀ ਦੇ ਦੋ ਉਦੇਸ਼ਾਂ ਤੋਂ ਪਹਿਲਾਂ ਇਨਕੁਆਇਰੀ ਦੇ ਕੰਮ ਵਿੱਚ ਸ਼ਾਮਲ ਸਾਰੇ ਸੋਚ-ਵਿਚਾਰਾਂ ਬਾਰੇ ਦੱਸਿਆ ਜਾਵੇ। ਅਖੀਰ ਵਿੱਚ, ਉਹਨਾਂ ਨੇ ਬਹੁਤ ਸਾਰੀਆਂ ਛੋਟੀਆਂ-ਛੋਟੀਆਂ ਸ਼ੈਲੀ ਅਧਾਰਤ ਤਬਦੀਲੀਆਂ ਦੀ ਸਿਫਾਰਸ਼ ਕੀਤੀ ਹੈ।*

## ਸਵਾਲ 2: ਇਨਕੁਆਇਰੀ ਨੂੰ ਸਭ ਤੋਂ ਪਹਿਲਾਂ ਕਿਹੜੇ ਮੁੱਦਿਆਂ ਜਾਂ ਵਿਸ਼ਿਆਂ 'ਤੇ ਧਿਆਨ ਦੇਣਾ ਚਾਹੀਦਾ ਹੈ?

ਸਲਾਹ-ਮਸ਼ਵਰੇ ਦੇ ਉੱਤਰਦਾਤਾ ਸਭ ਤੋਂ ਵੱਧ ਜ਼ੋਰ ਦਿੱਤੇ ਗਏ ਜਿਹਨਾਂ ਵਿਸ਼ਿਆਂ ਬਾਰੇ ਇਹ ਚਾਹੁੰਦੇ ਸੀ ਕਿ ਇਨਕੁਆਇਰੀ ਸਭ ਤੋਂ ਪਹਿਲਾਂ ਜਾਂਚ-ਪੜਤਾਲ ਕਰੇ:

- ਬੱਚਿਆਂ ਅਤੇ ਨੌਜਵਾਨਾਂ ਉੱਪਰ ਮਹਾਂਮਾਰੀ ਦਾ ਪ੍ਰਭਾਵ
- ਸਿਹਤ ਅਤੇ ਸਮਾਜਕ ਦੇਖਭਾਲ ਸੈਕਟਰਾਂ ਵਿੱਚ ਪ੍ਰਤਿਕਿਰਿਆ ਦਾ ਪ੍ਰਬੰਧਨ
- ਲਾਕਡਾਊਨ ਵਰਗੀਆਂ ਗੈਰ-ਫ਼ਾਰਮਾਸਿਊਟਿਕਲ ਦਖਲਅੰਦਾਜ਼ੀਆਂ ਦਾ ਇਸਤੇਮਾਲ
- ਸਰਕਾਰ ਦੇ ਫ਼ੈਸਲਿਆਂ ਵਿੱਚ ਮਾਹਰਾਂ ਅਤੇ ਸਲਾਹਕਾਰਾਂ ਦੀ ਭੂਮਿਕਾ, ਅਤੇ ਡੇਟਾ ਤੇ ਵਿਗਿਆਨ ਦਾ ਇਸਤੇਮਾਲ

ਹੈਰਾਨੀਯੋਗ ਗੱਲ ਨਹੀਂ ਹੈ ਕਿ, ਲੋਕਾਂ ਵਿੱਚ ਉਹਨਾਂ ਖੇਤਰਾਂ ਨੂੰ ਤਰਜੀਹ ਦੇਣ ਦਾ ਰੁਝਾਨ ਸੀ ਜਿਹਨਾਂ ਬਾਰੇ ਉਹਨਾਂ ਦੇ ਖਾਸ ਕਰਕੇ ਸਰੋਕਾਰ ਸਨ, ਅਤੇ ਇਨਕੁਆਇਰੀ ਦੀ ਯੋਜਨਾ ਬਣਾਉਣ ਅਤੇ ਜਿਸ ਤਰੀਕੇ ਨਾਲ ਇਸਦਾ ਸੰਚਾਲਨ ਕੀਤਾ ਜਾਵੇਗਾ ਉਸ 'ਤੇ ਵਿਚਾਰ ਕਰਦੇ ਹੋਏ, ਦਿੱਤੇ ਗਏ ਵਿਚਾਰ ਉਸ ਤਰਤੀਬ ਨੂੰ ਅਕਾਰ ਦੇਣ ਵਿੱਚ ਮਦਦ ਕਰਨਗੇ ਜਿਸ ਵਿੱਚ ਅਸੀਂ ਮੁੱਦਿਆਂ 'ਤੇ ਸੋਚ-ਵਿਚਾਰ ਕਰਾਂਗੇ। ਹਾਲਾਂਕਿ ਸੰਦਰਭ ਦੀਆਂ ਅੰਤਮ ਸ਼ਰਤਾਂ 'ਤੇ ਪ੍ਰਧਾਨ ਮੰਤਰੀ ਦੇ ਫ਼ੈਸਲੇ ਤੋਂ ਪਹਿਲਾਂ ਸਾਡੀ ਜਾਂਚ-ਪੜਤਾਲ ਦੀ ਸਹੀ ਤਰਤੀਬ ਬਾਰੇ ਫ਼ੈਸਲੇ ਲੈਣਾ ਬੇਵਕਤੀ ਗੱਲ ਹੋਵੇਗੀ, ਪਰ ਸਾਡਾ ਇਰਾਦਾ ਹੈ ਕਿ ਅਸੀਂ ਇਸ ਬਾਰੇ ਅੱਗੇ ਹੋਰ ਵੇਰਵੇ ਤੈਅ ਕਰੀਏ ਕਿ ਗਰਮੀਆਂ ਵਿੱਚ ਅਸੀਂ ਇਨਕੁਆਇਰੀ ਦਾ ਸੰਚਾਲਨ ਕਿਸ ਤਰ੍ਹਾਂ ਕਰਾਂਗੇ। ਅਸੀਂ ਬਾਕਾਇਦਾ ਅੱਪਡੇਟਾਂ ਦੇਵਾਂਗੇ।

## ਸਵਾਲ 3: ਕੀ ਇਨਕੁਆਇਰੀ ਨੂੰ ਆਪਣੀਆਂ ਜਨਤਕ ਸੁਣਵਾਈਆਂ ਲਈ ਕੋਈ ਵਿਉਂਤਬੱਧ ਸਮਾਪਤੀ ਤਾਰੀਖ ਤੈਅ ਕਰਨੀ ਚਾਹੀਦੀ ਹੈ?

ਸਲਾਹ-ਮਸ਼ਵਰੇ ਦੇ ਉੱਤਰਦਾਤਾ ਦ੍ਰਿੜ੍ਹਤਾ ਨਾਲ ਇਸ ਗੱਲ ਦੇ ਪੱਖ ਵਿੱਚ ਹਨ ਕਿ ਇਨਕੁਆਇਰੀ ਆਪਣੀਆਂ ਜਨਤਕ ਸੁਣਵਾਈਆਂ ਵਾਸਤੇ ਸਮਾਪਤੀ ਤਾਰੀਖ ਤੈਅ ਕਰੇ।

ਸਲਾਹ-ਮਸ਼ਵਰੇ ਦੇ ਪ੍ਰੋਗਰਾਮਾਂ ਵਿੱਚ ਇਸ ਸਵਾਲ ਬਾਰੇ ਵਿਚਾਰ-ਵਟਾਂਦਰਿਆਂ ਵਿੱਚ, ਉੱਤਰਦਾਤਾਵਾਂ ਨੇ ਤਰਕਸੰਗਤ ਵੇਰਵੇ ਵਿੱਚ ਮਹਾਂਮਾਰੀ ਦੇ ਇੱਕ-ਇੱਕ ਪਹਿਲੂ ਦੀ ਜਾਂਚ ਕਰਨ ਵਾਲੀ ਇਨਕੁਆਇਰੀ ਅਤੇ ਸਮੇਂ ਸਿਰ ਨਤੀਜੇ ਕੱਢਣ ਯੋਗ ਹੋਣ ਵਾਲੀ ਇਨਕੁਆਇਰੀ ਦੇ ਦਰਮਿਆਨ ਸੁਭਾਵਕ ਤਣਾਅ ਦੀ ਪਛਾਣ ਕੀਤੀ। ਸਾਰੇ ਪੱਖਾਂ 'ਤੇ ਵਿਚਾਰ ਕਰਨ ਮਗਰੋਂ, ਉੱਤਰਦਾਤਾਵਾਂ ਨੇ ਇੱਕ ਸਪਸ਼ਟ ਕਾਰਜ-ਖੇਤਰ ਅਤੇ ਮਜ਼ਬੂਤ ਵਿਉਂਤਬੱਧ ਸਮਾਂ-ਸਾਰਣੀ ਵਾਲੀ ਇਨਕੁਆਇਰੀ ਦਾ ਪੱਖ ਪੂਰਿਆ। ਜਿਉਂ-ਜਿਉਂ ਇਨਕੁਆਇਰੀ ਅੱਗੇ ਵਧੇਗੀ, ਇਸ ਦੁਆਰਾ ਅੰਤਰਿਮ ਰਿਪੋਰਟਾਂ ਜਾਰੀ ਕਰਨ ਲਈ ਸੰਦਰਭ ਦੀਆਂ ਸ਼ਰਤਾਂ ਦੇ ਮਸੌਦੇ ਵਿੱਚ ਇਨਕੁਆਇਰੀ ਦੀ ਵਚਨਬੱਧਤਾ ਦਾ ਉੱਤਰਦਾਤਾਵਾਂ ਨੇ ਸੁਆਗਤ ਕੀਤਾ, ਤਾਂ ਜੋ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲ ਸਕੇ ਕਿ ਸਿਫ਼ਾਰਸ਼ਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਜਿੰਨੀ ਛੇਤੀ ਹੋ ਸਕੇ ਇਹਨਾਂ 'ਤੇ ਅਮਲ ਕੀਤਾ ਜਾਵੇਗਾ।

ਹਾਲਾਂਕਿ, ਜਿਸ ਤਰ੍ਹਾਂ ਅਸੀਂ ਇਸ ਰਿਪੋਰਟ ਦੇ ਅਰੰਭ ਵਿੱਚ ਜ਼ਿਕਰ ਕੀਤਾ ਸੀ ਕਿ ਇਨਕੁਆਇਰੀ ਦੀਆਂ ਸੰਦਰਭ ਦੀਆਂ ਅੰਤਮ ਸ਼ਰਤਾਂ ਦੀ ਸਹੀ-ਸਹੀ ਪ੍ਰਕਿਰਿਤੀ ਭਾਵੇਂ ਜੋ ਵੀ ਹੋਵੇ, ਇਨਕੁਆਇਰੀ ਜਿਹਨਾਂ ਮੁੱਦਿਆਂ 'ਤੇ ਸੋਚ-ਵਿਚਾਰ

ਕਰੇਗੀ ਉਹਨਾਂ ਦਾ ਪੈਮਾਨਾ ਬਹੁਤ ਹੀ ਵਿਸ਼ਾਲ ਹੈ, ਅਤੇ ਲਾਜ਼ਮੀ ਤੌਰ 'ਤੇ ਅਚਾਨਕ ਆਉਣ ਵਾਲੇ ਮੁੱਦੇ ਹੋਣਗੇ ਜੋ ਸਾਡੀ ਜਾਂਚ ਦੇ ਸੰਚਾਲਨ ਵਿੱਚ ਪੈਦਾ ਹੋਣਗੇ। ਅਸੀਂ ਗਵਾਹਾਂ ਦੁਆਰਾ ਸਾਨੂੰ ਸਮੇਂ ਸਿਰ ਅਤੇ ਵਿਵਸਥਿਤ ਤਰੀਕੇ ਨਾਲ ਪ੍ਰਮਾਣ ਮੁਹੱਈਆ ਕੀਤੇ ਜਾਣ 'ਤੇ ਵੀ ਬਹੁਤ ਜ਼ਿਆਦਾ ਨਿਰਭਰ ਹੋਵਾਂਗੇ। ਇਹ ਕਾਰਕ ਸਮੇਂ ਸਿਰ ਜਨਤਕ ਸੁਣਵਾਈਆਂ ਕਰਨ ਅਤੇ, ਇਸਤੋਂ ਬਾਅਦ, ਨਤੀਜੇ ਅਤੇ ਰਿਪੋਰਟਾਂ ਪ੍ਰਦਾਨ ਕਰਨ ਦੀ ਚੁਣੌਤੀ ਵਿੱਚ ਵਾਧਾ ਕਰਦੇ ਹਨ।

ਅਸੀਂ ਇਸ ਬਾਰੇ ਅੱਗੇ ਹੋਰ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਇਨਕੁਆਇਰੀ ਕਿਸ ਤਰੀਕੇ ਨਾਲ ਕੀਤੀ ਜਾਵੇਗੀ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਇਹ ਮੰਨਦੇ ਹੋਏ ਕਿ ਗਰਮੀਆਂ ਵਿੱਚ ਸੰਦਰਭ ਦੀਆਂ ਅੰਤਮ ਸ਼ਰਤਾਂ ਜਾਰੀ ਕਰ ਦਿੱਤੀਆਂ ਜਾਣਗੀਆਂ, ਅਸੀਂ ਜਨਤਕ ਸੁਣਵਾਈਆਂ ਲਈ ਇੱਕ ਪ੍ਰਸਤਾਵਤ ਸਮਾਪਤੀ ਤਾਰੀਖ ਨਾਲ ਕਿਵੇਂ ਨਜਿੱਠਾਂਗੇ।

## ਸਵਾਲ 4: ਇਹ ਯਕੀਨੀ ਬਣਾਉਣ ਵਾਸਤੇ ਇਨਕੁਆਇਰੀ ਦੀ ਰੂਪਰੇਖਾ ਕਿਹੋ ਜਿਹੀ ਹੋਵੇ ਅਤੇ ਇਸਦਾ ਸੰਚਾਲਨ ਕਿਵੇਂ ਕੀਤਾ ਜਾਵੇ ਕਿ ਸੋਗਗ੍ਰਸਤ ਲੋਕਾਂ ਜਾਂ ਮਹਾਂਮਾਰੀ ਦੇ ਨਤੀਜੇ ਵਜੋਂ ਨੁਕਸਾਨ ਜਾਂ ਔਕੜਾਂ ਝੱਲ ਚੁੱਕੇ ਲੋਕਾਂ ਦੀਆਂ ਅਵਾਜ਼ਾਂ ਸੁਣੀਆਂ ਜਾਣ?

ਇਸ ਸਵਾਲ ਦੀਆਂ ਪ੍ਰਤਿਕਿਰਿਆਵਾਂ ਵਿੱਚ ਅਸੀਂ ਤਿੰਨ ਮੁੱਖ ਵਿਸ਼ਿਆਂ ਨੂੰ ਸੁਣਿਆ:

- **ਇਹ ਯਕੀਨੀ ਬਣਾਉਣਾ ਕਿ ਡਾਟਾ ਇਕੱਤਰੀਕਰਣ ਅਤੇ ਜਨਤਕ ਸ਼ਮੂਲੀਅਤ ਜਿੰਨਾ ਸੰਭਵ ਹੋ ਸਕੇ ਇੱਕ ਵਿਸਤ੍ਰਿਤ ਦਾਇਰੇ ਦੇ ਲੋਕਾਂ ਤੋਂ ਹੋਣ** — ਉੱਤਰਦਾਤਾ ਇਹ ਚਾਹੁੰਦੇ ਸਨ ਕਿ ਇਨਕੁਆਇਰੀ ਵਿਆਪਕ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਕਈ ਤਰੀਕਿਆਂ ਦਾ ਇਸਤੇਮਾਲ ਕਰੇ, ਜਿਵੇਂ ਕਿ ਖੁੱਲ੍ਹੀ ਚਰਚਾ ਵਾਲੇ ਮੰਚ, ਲਿਖਤੀ ਪ੍ਰਸ਼ਨਾਵਲੀਆਂ ਅਤੇ ਆਨਲਾਈਨ ਸਰਵੇਖਣ। ਉੱਤਰਦਾਤਾਵਾਂ ਨੇ ਯੂਕੇ ਭਰ ਦੇ ਲੋਕਾਂ ਤੋਂ, ਅਤੇ ਸੋਗਗ੍ਰਸਤ ਪਰਿਵਾਰਾਂ ਨਾਲ ਸਿੱਧੇ ਤੌਰ 'ਤੇ ਕੰਮ ਕਰਦੇ ਪੇਸ਼ੇਵਰਾਂ, ਜਿਵੇਂ ਕਿ NHS ਵਰਕਰਾਂ ਅਤੇ ਅੰਤਮ-ਸੰਸਕਾਰ ਨਿਰਦੇਸ਼ਕਾਂ ਦੀ ਰਾਏ ਜਾਣਨ ਦੀ ਅਹਿਮੀਅਤ ਨੂੰ ਵੀ ਉਭਾਰਿਆ।

- **ਸੋਗਗ੍ਰਸਤ ਲੋਕਾਂ ਤੋਂ ਇਲਾਵਾ, ਵੱਖ-ਵੱਖ ਰੂਪ ਵਿੱਚ ਪ੍ਰਭਾਵਤ ਹੋਏ ਲੋਕਾਂ ਦੇ ਅਨੁਭਵਾਂ ਨੂੰ ਸੁਣਨ 'ਤੇ ਜ਼ੋਰ** — ਉੱਤਰਦਾਤਾਵਾਂ ਨੇ ਜ਼ਿਕਰ ਕੀਤਾ ਕਿ ਮਹਾਂਮਾਰੀ ਨੇ ਹਰ ਕਿਸੇ 'ਤੇ ਅਸਰ ਪਾਇਆ ਹੈ, ਅਤੇ ਇਨਕੁਆਇਰੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਵਿਆਪਕ ਰੂਪ ਵਿੱਚ ਵੱਖ-ਵੱਖ ਤਰ੍ਹਾਂ ਨਾਲ ਪ੍ਰਭਾਵਤ ਹੋਏ ਗਰੁੱਪਾਂ ਦੀ ਗੱਲ ਸੁਣੇ, ਜਿਸ ਵਿੱਚ ਅਪਾਹਜ ਲੋਕ, ਬੱਚੇ, ਅਤੇ ਕਾਰੋਬਾਰ ਗੁਆ ਚੁੱਕੇ ਲੋਕ ਸ਼ਾਮਲ ਹਨ ਪਰ ਇਹਨਾਂ ਤੱਕ ਸੀਮਤ ਨਹੀਂ ਹਨ।

- **ਬਹੁਤ ਸਾਰੇ ਵੱਖ-ਵੱਖ ਸੰਮਿਲਤ ਅਤੇ ਪਹੁੰਚਯੋਗ ਤਰੀਕਿਆਂ ਦਾ ਪ੍ਰਬੰਧ ਜਿਸ ਦੇ ਜ਼ਰੀਏ ਲੋਕਾਂ ਦੇ ਨਿੱਜੀ ਅਨੁਭਵਾਂ ਨੂੰ ਸ਼ਾਮਲ ਕੀਤਾ ਜਾ ਸਕੇ** — ਉੱਤਰਦਾਤਾ ਇਸ ਗੱਲ ਲਈ ਉਤਸੁਕ ਸਨ ਕਿ ਇਨਕੁਆਇਰੀ ਇੱਕ ਆਮ ਜਨਤਕ ਜਾਂਚ ਸੁਣਵਾਈ ਦੇ ਮੁਕਾਬਲੇ ਘੱਟ ਰਸਮੀ ਜਾਂ ਕਾਨੂੰਨੀ ਮਾਹੌਲ ਵਿੱਚ ਨਿੱਜੀ ਅਨੁਭਵਾਂ ਨੂੰ ਰਿਕਾਰਡ ਕਰੇ। ਪ੍ਰਤਿਕਿਰਿਆਵਾਂ ਨੇ ਇਨਕੁਆਇਰੀ ਦੇ ਵੱਖ-ਵੱਖ ਪਿਛੋਕੜਾਂ ਦੇ ਲੋਕਾਂ ਦੀ ਪਹੁੰਚ ਵਿੱਚ ਹੋਣ ਅਤੇ ਭਾਗੀਦਾਰੀ ਵਿੱਚ ਵਿਹਾਰਕ ਰੁਕਾਵਟਾਂ ਜਿਵੇਂ ਕਿ ਬਾਲ ਦੇਖਭਾਲ ਦੇ ਖਰਚਿਆਂ ਨਾਲ ਨਜਿੱਠਣ ਦੀ ਲੋੜ ਦੀ ਵੀ ਪਛਾਣ ਕੀਤੀ।

ਅਸੀਂ ਇਹ ਮੰਨਦੇ ਹਾਂ ਕਿ ਕਈ ਲੋਕ ਇਨਕੁਆਇਰੀ ਦੀ ਰਸਮੀ ਜਨਤਕ ਸੁਣਵਾਈ ਦੀ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਹੋਣਾ ਚਾਹੁਣਗੇ, ਪਰ ਫ਼ਿਰ ਵੀ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਉਹਨਾ ਦੀ ਅਵਾਜ਼ਾਂ ਸੁਣੀਆਂ ਜਾਣ। ਅਸੀਂ ਇੱਕ ਵਿਆਪਕ-ਪਹੁੰਚ ਵਾਲੀ ਸੁਣਨ ਦੀ ਕਵਾਇਦ ਚਲਾਉਣ ਲਈ ਵਚਨਬੱਧ ਹਾਂ ਜੋ ਉਹਨਾਂ ਲੋਕਾਂ ਦੇ ਅਨੁਭਵਾਂ ਨੂੰ ਸੁਣੇਗੀ ਜਿਹਨਾਂ ਨੇ ਮਹਾਂਮਾਰੀ ਦੌਰਾਨ ਦੁੱਖ ਝੱਲੇ ਹਨ। ਇਸ ਵਿੱਚ ਨਾ ਸਿਰਫ਼ ਸੋਗਗ੍ਰਸਤ ਪਰਿਵਾਰ ਹੀ ਸ਼ਾਮਲ ਹੋਣਗੇ, ਬਲਕਿ ਹੋਰ ਸਮੂਹ ਵੀ ਸ਼ਾਮਲ ਹੋਣਗੇ ਜੋ ਪੀੜਤ ਹਨ, ਜਿਵੇਂ ਵਿਦਿਆਰਥੀ, ਕਾਰੋਬਾਰ ਦੇ ਮਾਲਕ, ਅਤੇ ਉਹ ਲੋਕ ਜੋ ਗੈਰ-ਕੋਵਿਡ ਸਿਹਤ ਸਮੱਸਿਆਵਾਂ ਲਈ ਇਲਾਜ ਤੋਂ ਖੁੰਝ ਗਏ ਹਨ। ਅਸੀਂ ਯੂਕੇ ਭਰ ਦੇ ਲੋਕਾਂ ਦੀ ਗੱਲ ਸੁਣਾਂਗੇ, ਅਤੇ ਸੁਣਨ ਦੀ ਕਵਾਇਦ ਨੂੰ ਸਹੂਲਤਾਂ ਤੋਂ ਵਾਂਝੇ ਗਰੁੱਪਾਂ ਲਈ ਪਹੁੰਚਯੋਗ ਬਣਾਵਾਂਗੇ।

ਅਸੀਂ ਇਸ ਕੰਮ ਦੀ ਯੋਜਨਾ ਬਣਾਉਣ ਦੇ ਬਹੁਤ ਹੀ ਸ਼ੁਰੂਆਤੀ ਪੜਾਅ 'ਤੇ ਹਾਂ ਅਤੇ ਗਰਮੀਆਂ ਵਿੱਚ ਇਸ ਦੀ ਰੂਪ-ਰੇਖਾ ਵਿੱਚ ਮਹਾਂਮਾਰੀ ਤੋਂ ਪ੍ਰਭਾਵਤ ਹੋਏ ਲੋਕਾਂ ਨੂੰ ਸ਼ਾਮਲ ਕਰਾਂਗੇ।

## ਅੱਗੇ ਕੀ ਹੋਵੇਗਾ?

ਬੈਰੋਨੈਸ ਹੈਲੇਟ ਨੇ ਇਸ ਦਸਤਾਵੇਜ਼ ਵਿੱਚ ਸੰਦਰਭ ਦੀਆਂ ਸ਼ਰਤਾਂ ਵਿੱਚ ਨਿਰਧਾਰਤ ਕੀਤੀਆਂ ਗਈਆਂ ਤਬਦੀਲੀਆਂ ਦੀ ਸਿਫ਼ਾਰਸ਼ ਕਰਦੇ ਹੋਏ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖੀ ਹੈ। ਇਸ ਇਨਕੁਆਇਰੀ ਲਈ ਸਪੌਂਸਰ ਕਰਨ ਵਾਲੇ ਮੰਤਰੀ ਹੋਣ ਦੇ ਨਾਤੇ, ਸੰਦਰਭ ਦੀਆਂ ਅੰਤਮ ਸ਼ਰਤਾਂ ਬਾਰੇ ਫ਼ੈਸਲਾ ਲੈਣਾ ਪ੍ਰਧਾਨ ਮੰਤਰੀ ਦੇ ਹੱਥ ਹੋਵੇਗਾ। ਬੈਰੋਨੈਸ ਹੈਲੇਟ ਨੇ ਪ੍ਰਧਾਨ ਮੰਤਰੀ ਨੂੰ ਉਹਨਾਂ ਦੁਆਰਾ ਕੀਤੀਆਂ ਗਈਆਂ ਤਬਦੀਲੀਆਂ 'ਤੇ ਸੋਚ-ਵਿਚਾਰ ਕਰਨ ਅਤੇ ਜਿੰਨੀ ਜਲਦੀ ਹੋ ਸਕੇ ਜਵਾਬ ਦੇਣ ਲਈ ਕਿਹਾ ਹੈ, ਤਾਂ ਜੋ ਇਨਕੁਆਇਰੀ ਰਸਮੀ ਤੌਰ 'ਤੇ ਆਪਣਾ ਕੰਮ ਸ਼ੁਰੂ ਕਰ ਸਕੇ।

ਜਿਵੇਂ ਕਿ ਅਸੀਂ ਇਸ ਰਿਪੋਰਟ ਦੇ ਸ਼ੁਰੂ ਵਿੱਚ ਤੈਅ ਕੀਤਾ ਸੀ, ਸੰਦਰਭ ਦੀਆਂ ਅੰਤਮ ਸ਼ਰਤਾਂ ਇਨਕੁਆਇਰੀ ਦੇ ਵਿਆਪਕ ਕਾਰਜ-ਖੇਤਰ ਨੂੰ ਪਰਿਭਾਸ਼ਤ ਕਰਨਗੀਆਂ, ਪਰ ਇਸਤੋਂ ਜੋ ਕੁਝ ਉਭਰ ਕੇ ਸਾਹਮਣੇ ਆਏਗਾ ਉਹ ਉਹਨਾਂ ਮੁੱਦਿਆਂ ਦੀ ਇੱਕ ਲੜੀ ਹੋਵੇਗੀ ਜਿਹਨਾਂ ਦੀ ਅਸੀਂ ਵਧੇਰੇ ਵਿਸਤਾਰ ਨਾਲ ਤਰਕਸੰਗਤ ਪੜਤਾਲ ਕਰਾਂਗੇ। ਪਛਾਣੇ ਗਏ ਮੁੱਦਿਆਂ, ਅਤੇ ਇਹਨਾਂ ਦੀ ਜਾਂਚ-ਪੜਤਾਲ ਦਾ ਤਰੀਕਾ ਅਤੇ ਤਰਤੀਬ ਉਦੋਂ ਨਿਰਧਾਰਤ ਕੀਤੇ ਜਾਣਗੇ, ਜਦੋਂ ਇਨਕੁਆਇਰੀ ਰਸਮੀ ਰੂਪ ਵਿੱਚ ਸ਼ੁਰੂ ਹੋਵੇਗੀ। ਸਾਨੂੰ ਉਮੀਦ ਹੈ ਕਿ ਇਹ ਜਲਦੀ ਤੋਂ ਜਲਦੀ ਹੋ ਜਾਵੇਗਾ।

ਸਕਾਟਲੈਂਡ ਵਿੱਚ ਮਹਾਂਮਾਰੀ ਦੀ ਪ੍ਰਤਿਕਿਰਿਆ ਦੀ ਪੜਚੋਲ ਕਰਨ ਲਈ ਸਕਾਟਿਸ਼ ਸਰਕਾਰ ਦੁਆਰਾ ਇੱਕ ਵੱਖਰੀ ਜਨਤਕ ਜਾਂਚ ਵੀ ਸਥਾਪਤ ਕੀਤੀ ਗਈ ਹੈ। ਜਿਉਂ ਹੀ ਦੋਵੇਂ ਇਨਕੁਆਇਰੀਆਂ ਆਪੋ-ਆਪਣਾ ਕੰਮ ਸ਼ੁਰੂ ਕਰਨਗੀਆਂ, ਦੋਵੇਂ ਹੀ ਜਾਂਚ-ਪੜਤਾਲ, ਪ੍ਰਮਾਣ ਇਕੱਠੇ ਕਰਨ ਅਤੇ ਰਿਪੋਰਟਿੰਗ ਵਿੱਚ ਕਿਸੇ ਵੀ ਦੁਹਰਾਅ ਨੂੰ ਘੱਟ ਤੋਂ ਘੱਟ ਰੱਖਣ ਲਈ ਵਚਨਬੱਧ ਹਨ। ਮਹਾਂਮਾਰੀ ਦੀ ਪ੍ਰਤੀਕਿਰਿਆ ਦੀ ਪੇਚੀਦਗੀ ਦੇ ਮੱਦੇਨਜ਼ਰ, ਉਹਨਾਂ ਪਹਿਲੂਆਂ ਦਰਮਿਆਨ ਸਪਸ਼ਟ ਰੂਪ ਵਿੱਚ ਕੁਝ ਨਾ ਕੁਝ ਇੱਕ-ਦੂਜੇ ਦੇ ਕਾਰਜ-ਖੇਤਰ ਵਿੱਚ ਜ਼ਰੂਰ ਆਵੇਗਾ ਜੋ ਸਕਾਟਿਸ਼ ਸਰਕਾਰ ਨੂੰ ਸੌਂਪੇ ਗਏ ਸਨ ਅਤੇ ਜੋ ਯੂਕੇ ਸਰਕਾਰ ਕੋਲ ਰਾਖਵੇਂ ਸਨ ਅਤੇ ਹੋ ਸਕਦਾ ਹੈ ਕਿ ਅਜਿਹੇ ਮੌਕੇ ਵੀ ਹੋਣ ਜਿੱਥੇ ਯੂਕੇ ਦੀ ਇਨਕੁਆਇਰੀ ਨੂੰ ਸਕਾਟਿਸ਼ ਇਨਕੁਆਇਰੀਆਂ ਵਾਲੇ ਹੀ ਮੁੱਦਿਆਂ ਉੱਪਰ ਸੋਚ-ਵਿਚਾਰ ਕਰਨ ਦੀ ਲੋੜ ਹੋਵੇ, ਭਾਵੇਂ ਉਹ ਸੌਂਪੇ ਹੋਏ ਮੁੱਦੇ ਕਿਉਂ ਨਾ ਹੋਣ। ਸਾਡਾ ਮਕਸਦ ਅਜਿਹੇ ਮੁੱਦਿਆਂ ਦੇ ਸੋਚ-ਵਿਚਾਰ ਨੂੰ ਤਰਤੀਬ ਦੇਣ ਲਈ ਮਿਲ ਕੇ ਕੰਮ ਕਰਨਾ ਹੋਵੇਗਾ।

ਇਸਤੋਂ ਪਹਿਲਾਂ ਕਿ ਮਹੱਤਵਪੂਰਨ ਜਨਤਕ ਸੁਣਵਾਈਆਂ ਕੀਤੀਆਂ ਜਾ ਸਕਣ, ਯੂਕੇ ਇਨਕੁਆਇਰੀ ਸ਼ੁਰੂ ਹੋ ਜਾਣ ਤੋਂ ਬਾਅਦ ਬਹੁਤ ਸਾਰਾ ਸ਼ੁਰੂਆਤੀ ਕੰਮ ਕਰਨਾ ਹੋਵੇਗਾ, ਜਿਸ ਵਿੱਚ ਸ਼ਾਮਲ ਹੈ ਅਹਿਮ ਗਵਾਹਾਂ ਅਤੇ ਮੁੱਖ ਭਾਗੀਦਾਰਾਂ ਦੀ ਪਛਾਣ ਕਰਨਾ, ਵੱਡੀ ਮਾਤਰਾ ਵਿੱਚ ਸਬੂਤਾਂ ਦੀ ਬੇਨਤੀ ਅਤੇ ਸਮੀਖਿਆ ਕਰਨਾ; ਮਾਹਰ ਖੋਜ ਅਤੇ ਸਲਾਹਕਾਰਾਂ ਨੂੰ ਨਿਯੁਕਤ ਕਰਨਾ ਤਾਂ ਜੋ ਉਹ ਇਨਕੁਆਇਰੀ ਵਿੱਚ ਮਾਹਰ ਅਤੇ ਤਕਨੀਕੀ ਸਬੂਤ ਮੁਹੱਈਆ ਕਰ ਸਕਣ, ਅਤੇ ਯੂਕੇ ਦੇ ਆਸ-ਪਾਸ ਦੇ ਜਨਤਕ ਸੁਣਵਾਈ ਕੇਂਦਰਾਂ ਨੂੰ ਜੁਟਾਉਣਾ ਅਤੇ ਤਿਆਰ ਕਰਨਾ। ਇਸ ਪੜਾਅ 'ਤੇ, ਸੰਦਰਭ ਦੀਆਂ ਅੰਤਮ ਸ਼ਰਤਾਂ ਵਿਚਲੀ ਸਮੱਗਰੀ ਨੂੰ ਜਾਣੇ ਬਗੈਰ ਇਸ ਬਾਰੇ ਸਟੀਕ ਹੋਣਾ ਮੁਸ਼ਕਲ ਹੈ ਕਿ ਇਸ ਵਿੱਚ ਅਸਲ ਵਿੱਚ ਕੀ ਕੁਝ ਸ਼ਾਮਲ ਹੈ ਅਤੇ ਇਸ ਵਿੱਚ ਕਿੰਨਾ ਚਿਰ ਲੱਗੇਗਾ। ਹਾਲਾਂਕਿ, ਬੈਰੋਨੈਸ ਹੈਲੇਟ ਦਾ ਪ੍ਰਧਾਨ ਮੰਤਰੀ ਦੁਆਰਾ ਸੰਦਰਭ ਦੀਆਂ ਅੰਤਮ ਸ਼ਰਤਾਂ ਜਾਰੀ ਕਰਨ ਮਗਰੋਂ ਜਿੰਨੀ ਛੇਤੀ ਹੋ ਸਕੇ, ਇੱਕ ਸ਼ੁਰੂਆਤੀ ਬਿਆਨ ਦੇਣ ਦਾ ਇਰਾਦਾ ਹੈ। ਫ਼ਿਰ ਉਹ ਜ਼ਿਆਦਾ ਵਿਸਤਾਰ ਵਿੱਚ ਦੱਸਣਗੇ ਕਿ ਅਸੀਂ ਆਪਣੇ ਕੰਮ ਨੂੰ ਕਿਵੇਂ ਨੇਪਰੇ ਚੜ੍ਹਾਵਾਂਗੇ ਅਤੇ ਸਾਡੀਆਂ ਜਾਂਚਾਂ ਦਾ ਅਕਾਰ ਕੀ ਹੋਵੇਗਾ, ਜਿਸ ਵਿੱਚ ਇਹ ਵੀ ਸ਼ਾਮਲ ਹੋਵੇਗਾ ਕਿ ਸਭ ਤੋਂ ਪਹਿਲਾਂ ਅਸੀਂ ਕਿਸ 'ਤੇ ਵਿਚਾਰ ਕਰਾਂਗੇ।

# ਅੰਤਿਕਾ: ਸੰਦਰਭ ਦੀਆਂ ਸਿਫ਼ਾਰਸ਼ ਕੀਤੀਆਂ ਸ਼ਰਤਾਂ

ਯੂਕੇ ਕੋਵਿਡ-19 ਇਨਕੁਆਇਰੀ
ਸੰਦਰਭ ਦੀਆਂ ਸ਼ਰਤਾਂ ਦਾ ਮਸੌਦਾ – ਮਈ 2022

ਇਨਕੁਆਇਰੀ ਇੰਗਲੈਂਡ, ਵੇਲਜ਼, ਸਕਾਟਲੈਂਡ ਅਤੇ ਉੱਤਰੀ ਆਇਰਲੈਂਡ ਵਿੱਚ, ਇਨਕੁਆਇਰੀ ਦੀ ਰਸਮੀ ਸਥਾਪਨਾ ਤਾਰੀਖ, xx xxxx 2022 ਤਕ ਅਤੇ ਇਸਦੇ ਸਮੇਤ, ਮਹਾਂਮਾਰੀ ਦੀ ਤਿਆਰੀ ਅਤੇ ਪ੍ਰਤੀਕ੍ਰਿਆ ਦੀ ਜਾਂਚ, ਇਸ 'ਤੇ ਸੋਚ-ਵਿਚਾਰ ਕਰੇਗੀ, ਅਤੇ ਰਿਪੋਰਟ ਦੇਵੇਗੀ।

ਆਪਣੇ ਕੰਮ ਨੂੰ ਨੇਪਰੇ ਚੜ੍ਹਾਉਣ ਵਿੱਚ ਇਨਕੁਆਇਰੀ:

a) ਯੂਨਾਈਟਿਡ ਕਿੰਗਡਮ ਵਿੱਚ ਰਾਖਵੇਂ ਅਤੇ ਸੌਂਪੇ ਗਏ ਮਾਮਲਿਆਂ 'ਤੇ ਵਿਚਾਰ ਕਰੇਗੀ, ਜਿਵੇਂ ਵੀ ਜ਼ਰੂਰੀ ਹੋਵੇਗਾ, ਪਰ ਮਨੋਨੀਤ ਪ੍ਰਸ਼ਾਸਨਾਂ ਦੁਆਰਾ ਸਥਾਪਤ ਕੀਤੀ ਗਈ ਕਿਸੇ ਹੋਰ ਜਨਤਕ ਇਨਕੁਆਇਰੀ ਦੀ ਜਾਂਚ-ਪੜਤਾਲ, ਸਬੂਤ ਇਕੱਠੇ ਕਰਨ ਅਤੇ ਰਿਪੋਰਟਿੰਗ ਦੇ ਦੁਹਰਾਅ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰੇਗੀ;
b) ਵੱਖ-ਵੱਖ ਸ਼੍ਰੇਣੀਆਂ ਦੇ ਲੋਕਾਂ 'ਤੇ ਮਹਾਂਮਾਰੀ ਦੇ ਅਸਰ ਵਿੱਚ ਸਪਸ਼ਟ ਦਿਸਦੀਆਂ ਕੋਈ ਵੀ ਨਾਬਰਾਬਰੀਆਂ 'ਤੇ ਸੋਚ-ਵਿਚਾਰ ਕਰੇਗੀ, ਜਿਹਨਾਂ ਵਿੱਚ ਬਰਾਬਰੀ ਦਾ ਕਾਨੂੰਨ 2010 (Equality Act 2010) ਦੇ ਤਹਿਤ ਸੁਰੱਖਿਅਤ ਵਿਸ਼ੇਸ਼ਤਾਵਾਂ ਅਤੇ ਉੱਤਰੀ ਆਇਰਲੈਂਡ ਕਾਨੂੰਨ 1998 (Northern Ireland Act 1998) ਦੇ ਤਹਿਤ ਸੁਰੱਖਿਅਤ ਵਿਸ਼ੇਸ਼ਤਾਵਾਂ ਸ਼ਾਮਲ ਹਨ, ਪਰ ਇਹਨਾਂ ਤਕ ਸੀਮਤ ਨਹੀਂ ਹਨ।
c) ਸੋਗਗ੍ਰਸਤ ਪਰਿਵਾਰਾਂ ਅਤੇ ਹੋਰ ਲੋਕਾਂ ਜਿਹਨਾਂ ਨੇ ਮਹਾਂਮਾਰੀ ਦੇ ਨਤੀਜੇ ਵਜੋਂ ਔਕੜਾਂ ਜਾਂ ਨੁਕਸਾਨ ਝੱਲਿਆ ਹੈ, ਦੇ ਅਨੁਭਵਾਂ ਨੂੰ ਸੁਣ ਕੇ ਉਹਨਾਂ 'ਤੇ ਧਿਆਨ ਪੂਰਵਕ ਗੌਰ ਕਰੇਗੀ; ਹਾਲਾਂਕਿ ਇਨਕੁਆਇਰੀ ਨੁਕਸਾਨ ਜਾਂ ਮੌਤ ਦੇ ਵਿਅਕਤੀਗਤ ਕੇਸਾਂ 'ਤੇ ਵਿਸਤਾਰਸਹਿਤ ਸੋਚ-ਵਿਚਾਰ ਨਹੀਂ ਕਰੇਗੀ, ਪਰ ਇਹਨਾਂ ਬਿਰਤਾਂਤਾਂ ਨੂੰ ਸੁਣਨ ਨਾਲ ਮਹਾਂਮਾਰੀ ਦੇ ਅਸਰ ਅਤੇ ਪ੍ਰਤਿਕਿਰਿਆ, ਅਤੇ ਸਿੱਖੀਆਂ ਜਾਣ ਵਾਲੀਆਂ ਨਸੀਹਤਾਂ ਬਾਰੇ ਇਸਦੀ ਸਮਝ ਦੀ ਜਾਣਕਾਰੀ ਮਿਲੇਗੀ;
d) ਇਸ ਗੱਲ ਨੂੰ ਉਜਾਗਰ ਕਰੇਗੀ ਕਿ ਮਹਾਂਮਾਰੀ ਲਈ ਤਿਆਰੀ ਅਤੇ ਪ੍ਰਤਿਕਿਰਿਆ ਤੋਂ ਪਛਾਣੀਆਂ ਗਈਆਂ ਨਸੀਹਤਾਂ ਹੋਰ ਕਿਹੜੀਆਂ ਨਾਗਰਿਕ ਐਮਰਜੈਂਸੀਆਂ 'ਤੇ ਲਾਗੂ ਹੋ ਸਕਦੀਆਂ ਹਨ;
e) ਸਬੰਧਤ ਅੰਤਰਰਾਸ਼ਟਰੀ ਤੁਲਨਾਵਾਂ ਪ੍ਰਤੀ ਮੁਨਾਸਬ ਤਵੱਜੋ ਦੇਵੇਗੀ; ਅਤੇ
f) ਆਪਣੀਆਂ ਰਿਪੋਰਟਾਂ (ਅੰਤਰਿਮ ਰਿਪੋਰਟਾਂ ਸਮੇਤ) ਅਤੇ ਕੋਈ ਵੀ ਸਿਫ਼ਾਰਸ਼ਾਂ ਨੂੰ ਸਮੇਂ ਸਿਰ ਤਿਆਰ ਕਰੇਗੀ।

ਇਨਕੁਆਇਰੀ ਦੇ ਉਦੇਸ਼ ਇਹ ਹਨ:

1. **ਇੰਗਲੈਂਡ, ਵੇਲਜ਼, ਸਕਾਟਲੈਂਡ ਅਤੇ ਉੱਤਰੀ ਆਇਰਲੈਂਡ ਵਿੱਚ ਕੋਵਿਡ-19 ਪ੍ਰਤਿਕਿਰਿਆ ਅਤੇ ਮਹਾਂਮਾਰੀ ਦੇ ਅਸਰ ਦੀ ਜਾਂਚ ਕਰਨੀ, ਅਤੇ ਤੱਥਾਂ ਸਹਿਤ ਇੱਕ ਬਿਰਤਾਂਤ ਤਿਆਰ ਕਰਨਾ, ਜਿਸ ਵਿੱਚ ਇਹ ਸ਼ਾਮਲ ਹੋਣ:**

a) ਯੂਕੇ ਭਰ ਵਿੱਚ ਜਨ ਸਿਹਤ ਪ੍ਰਤਿਕਿਰਿਆ, ਜਿਸ ਵਿੱਚ ਸ਼ਾਮਲ ਹਨ:
   i) ਤਿਆਰੀ ਅਤੇ ਲਚਕੀਲਾਪਣ;
   ii) ਫ਼ੈਸਲੇ ਕਿਵੇਂ ਲਏ ਗਏ ਸਨ, ਇਹਨਾਂ ਨੂੰ ਕਿਵੇਂ ਪਹੁੰਚਾਇਆ, ਰਿਕਾਰਡ ਅਤੇ ਲਾਗੂ ਕੀਤਾ ਗਿਆ ਸੀ
   iii) ਸਰਕਾਰਾਂ ਦੇ ਦਰਮਿਆਨ ਫ਼ੈਸਲੇ ਲੈਣ ਦੀ ਪ੍ਰਕਿਰਿਆ;
   iv) ਕੇਂਦਰ ਸਰਕਾਰ, ਮਨੋਨੀਤ ਪ੍ਰਸ਼ਾਸਨ, ਖੇਤਰੀ ਅਤੇ ਸਥਾਨਕ ਅਥਾਰਟੀਆਂ, ਅਤੇ ਵਾਲੰਟਰੀ ਤੇ ਕਮਿਊਨਿਟੀ ਸੈਕਟਰ ਦਰਮਿਆਨ ਸਹਿਯੋਗ;
   v) ਡੇਟਾ, ਖੋਜ ਅਤੇ ਮਾਹਰ ਪ੍ਰਮਾਣ ਦੀ ਉਪਲਬਧਤਾ ਅਤੇ ਇਸਤੇਮਾਲ;
   vi) ਵਿਧਾਨਕ ਅਤੇ ਰੈਗੂਲੇਟਰੀ ਨਿਯੰਤ੍ਰਣ, ਅਤੇ ਲਾਗੂਕਰਣ;
   vii) ਸ਼ੀਲਡਿੰਗ ਅਤੇ ਡਾਕਟਰੀ ਤੌਰ 'ਤੇ ਕਮਜ਼ੋਰ ਲੋਕਾਂ ਦੀ ਸੁਰੱਖਿਆ;
   viii) ਲਾਕਡਾਊਨ ਅਤੇ ਹੋਰ 'ਗੈਰ-ਫ਼ਾਰਮਾਸਿਊਟਿਕਲ' (ਦਵਾਈਆਂ ਤੋਂ ਛੁੱਟ) ਦਖਲਅੰਦਾਜ਼ੀਆਂ ਦਾ ਇਸਤੇਮਾਲ ਜਿਵੇਂ ਸਮਾਜਕ ਦੂਰੀ ਅਤੇ ਫ਼ੇਸ ਕਵਰਿੰਗ ਦਾ ਇਸਤੇਮਾਲ;
   ix) ਟੈਸਟਿੰਗ, ਸੰਪਰਕ ਟ੍ਰੇਸਿੰਗ, ਅਤੇ ਇਕਾਂਤਵਾਸ;

x) ਜਨਸੰਖਿਆ ਦੀ ਮਾਨਸਿਕ ਸਿਹਤ ਅਤੇ ਭਲਾਈ 'ਤੇ ਅਸਰ, ਜਿਹਨਾਂ ਵਿੱਚ ਮਹਾਂਮਾਰੀ ਦੁਆਰਾ ਵੱਡਾ ਨੁਕਸਾਨ ਝੱਲ ਚੁੱਕੇ ਲੋਕ ਸ਼ਾਮਲ ਹਨ, ਪਰ ਉਹਨਾਂ ਤਕ ਸੀਮਿਤ ਨਹੀਂ ਹਨ;
xi) ਸੋਗਗ੍ਰਸਤ ਲੋਕਾਂ ਦੀ ਮਾਨਸਿਕ ਸਿਹਤ ਅਤੇ ਤੰਦਰੁਸਤੀ 'ਤੇ ਅਸਰ, ਸੋਗ ਤੋਂ ਬਾਅਦ ਦੀ ਸਹਾਇਤਾ ਸਮੇਤ;
xii) ਸਿਹਤ ਅਤੇ ਦੇਖਭਾਲ ਸੈਕਟਰ ਦੇ ਵਰਕਰਾਂ ਅਤੇ ਦੂਜੇ ਕੀ ਵਰਕਰਾਂ ਉੱਪਰ ਅਸਰ;
xiii) ਸਿਹਤ, ਤੰਦਰੁਸਤੀ ਅਤੇ ਸਮਾਜਕ ਦੇਖਭਾਲ ਸਮੇਤ, ਬੱਚਿਆਂ ਅਤੇ ਨੌਜਵਾਨਾਂ 'ਤੇ ਅਸਰ;
xiv) ਸਿੱਖਿਆ ਅਤੇ ਸ਼ੁਰੂਆਤੀ ਸਾਲਾਂ ਦਾ ਪ੍ਰਬੰਧ;
xv) ਮੇਜ਼ਬਾਨੀ, ਪ੍ਰਚੂਨ, ਖੇਡਾਂ ਅਤੇ ਮਨ-ਪਰਚਾਵਾ ਅਤੇ ਯਾਤਰਾ ਤੇ ਸੈਰ-ਸਪਾਟਾ ਸੈਕਟਰਾਂ, ਪੂਜਾ ਸਥਾਨਾਂ, ਅਤੇ ਸੱਭਿਆਚਾਰਕ ਸੰਸਥਾਵਾਂ ਨੂੰ ਬੰਦ ਕਰਨਾ ਅਤੇ ਦੁਬਾਰਾ ਖੋਲ੍ਹਣਾ;
xvi) ਹਾਉਸਿੰਗ ਅਤੇ ਬੇਘਰਾਪਣ;
xvii) ਘਰੇਲੂ ਬਦਸਲੂਕੀ ਦੇ ਪੀੜਤਾਂ ਲਈ ਸੁਰੱਖਿਆ ਅਤੇ ਸਹਾਰਾ;
xviii) ਜੇਲ੍ਹ ਅਤੇ ਨਜ਼ਰਬੰਦੀ ਦੇ ਹੋਰ ਸਥਾਨ;
xix) ਨਿਆਂ ਪ੍ਰਣਾਲੀ;
xx) ਯਾਤਰਾ ਅਤੇ ਸਰਹੱਦਾਂ; ਅਤੇ
xxi) ਜਨਤਕ ਫ਼ੰਡਾਂ ਦੀ ਰੱਖਿਆ ਅਤੇ ਵਿੱਤੀ ਜੋਖਮ ਦਾ ਪ੍ਰਬੰਧਨ।

b) ਯੂਕੇ ਭਰ ਵਿੱਚ ਸਿਹਤ ਅਤੇ ਦੇਖਭਾਲ ਸੈਕਟਰ ਦੀ ਪ੍ਰਤਿਕਿਰਿਆ, ਜਿਸ ਵਿੱਚ ਸ਼ਾਮਲ ਹਨ:
i) ਤਿਆਰੀ, ਸ਼ੁਰੂਆਤੀ ਸਮਰੱਥਾ ਅਤੇ ਸਮਰੱਥਾ ਨੂੰ ਵਧਾਉਣ ਦੀ ਯੋਗਤਾ, ਅਤੇ ਲਚਕੀਲਾਪਣ;
ii) ਅਧਿਕਾਰਤ ਸਿਹਤ-ਸੰਭਾਲ ਸਲਾਹ ਸੇਵਾਵਾਂ ਜਿਵੇਂ ਕਿ 111 ਅਤੇ 999 ਨਾਲ ਸ਼ੁਰੂਆਤੀ ਸੰਪਰਕ;
iii) ਮੁਢਲੀ ਦੇਖਭਾਲ ਸੈਟਿੰਗਾਂ ਦੀ ਭੂਮਿਕਾ ਜਿਵੇਂ ਕਿ ਜਨਰਲ ਪ੍ਰੈਕਟਿਸ;
iv) ਹਸਪਤਾਲਾਂ ਵਿੱਚ ਮਹਾਂਮਾਰੀ ਦਾ ਪ੍ਰਬੰਧਨ, ਜਿਸ ਵਿੱਚ ਲਾਗ ਦੀ ਰੋਕਥਾਮ ਅਤੇ ਨਿਯੰਤ੍ਰਣ, ਛਾਂਟੀ, ਨਾਜ਼ੁਕ ਦੇਖਭਾਲ ਸਮਰੱਥਾ, ਮਰੀਜ਼ਾਂ ਨੂੰ ਹਪਸਤਾਲ ਤੋਂ ਛੁੱਟੀ, 'ਕਾਰਡੀਓਪਲਮਨਰੀ ਰੀਸੱਸੀਟੇਸ਼ਨ ਦੀ ਕੋਸ਼ਿਸ਼ ਨਾ ਕਰੋ' (Do not attempt cardiopulmonary resuscitation, DNACPR) ਬਾਰੇ ਫ਼ੈਸਲੇ, ਉਪਚਾਰਕ ਦੇਖਭਾਲ ਪ੍ਰਤੀ ਦ੍ਰਿਸ਼ਟੀਕੋਣ, ਕਰਮਚਾਰੀ ਦਲ ਦੀ ਟੈਸਟਿੰਗ, ਨਿਰੀਖਣਾਂ ਵਿੱਚ ਤਬਦੀਲੀਆਂ, ਅਤੇ ਸਟਾਫ਼ ਤੇ ਸਟਾਫ਼ਿੰਗ ਪੱਧਰਾਂ 'ਤੇ ਅਸਰ ਸ਼ਾਮਲ ਹਨ;
v) ਦੇਖਭਾਲ ਘਰਾਂ ਅਤੇ ਦੂਜੀਆਂ ਦੇਖਭਾਲ ਸੈਟਿੰਗਾਂ ਵਿੱਚ ਮਹਾਂਮਾਰੀ ਦਾ ਪ੍ਰਬੰਧਨ, ਜਿਸ ਵਿੱਚ ਲਾਗ ਦੀ ਰੋਕਥਾਮ ਅਤੇ ਨਿਯੰਤ੍ਰਣ, ਘਰਾਂ ਤੋਂ ਨਿਵਾਸੀਆਂ ਨੂੰ ਲਿਆਉਣਾ ਜਾਂ ਵਾਪਸ ਛੱਡਣਾ, ਨਿਵਾਸੀਆਂ ਦਾ ਇਲਾਜ ਅਤੇ ਦੇਖਭਾਲ, ਮੁਲਾਕਾਤਾਂ 'ਤੇ ਪਾਬੰਦੀਆਂ, ਕਰਮਚਾਰੀ ਦਲ ਦੀ ਟੈਸਟਿੰਗ ਅਤੇ ਛਾਣਬੀਨ ਵਿੱਚ ਤਬਦੀਲੀਆਂ ਸ਼ਾਮਲ ਹਨ;
vi) ਘਰ ਵਿੱਚ ਦੇਖਭਾਲ, ਅਵੇਤਨਕ ਦੇਖਭਾਲਕਰਤਾਵਾਂ ਦੁਆਰਾ ਦੇਖਭਾਲ ਸਮੇਤ;
vii) ਜਣੇਪੇ ਤੋਂ ਪਹਿਲਾਂ ਅਤੇ ਜਣੇਪੇ ਤੋਂ ਬਾਅਦ ਦੀ ਦੇਖਭਾਲ;
viii) PPE ਅਤੇ ਵੈਂਟਿਲੇਟਰਾਂ ਸਮੇਤ, ਮੁੱਖ ਉਪਕਰਣਾਂ ਅਤੇ ਸਪਲਾਈਆਂ ਦੀ ਖਰੀਦ ਅਤੇ ਵੰਡ;
ix) ਚਿਕਿਤਸਾ ਅਤੇ ਵੈਕਸੀਨਾਂ ਦਾ ਵਿਕਾਸ, ਡਿਲਿਵਰੀ ਅਤੇ ਪ੍ਰਭਾਵ;
x) ਗੈਰ-ਕੋਵਿਡ ਸਬੰਧੀ ਸਥਿਤੀਆਂ ਅਤੇ ਲੋੜਾਂ ਲਈ ਪ੍ਰਬੰਧ 'ਤੇ ਮਹਾਂਮਾਰੀ ਦੇ ਨਤੀਜੇ; ਅਤੇ
xi) ਲੰਬੇ-ਕੋਵਿਡ ਦਾ ਅਨੁਭਵ ਕਰ ਰਹੇ ਲੋਕਾਂ ਲਈ ਪ੍ਰਬੰਧ।

c) ਮਹਾਂਮਾਰੀ ਪ੍ਰਤੀ ਆਰਥਿਕ ਪ੍ਰਤਿਕਿਰਿਆ ਅਤੇ ਇਸਦਾ ਅਸਰ, ਇਹਨਾਂ ਤਰੀਕਿਆਂ ਨਾਲ ਸਰਕਾਰੀ ਦਖਲਅੰਦਾਜ਼ੀ ਸਮੇਤ:
i) ਕਾਰੋਬਾਰਾਂ, ਨੌਕਰੀਆਂ ਅਤੇ ਸਵੈ-ਰੁਜ਼ਗਾਰ ਵਿੱਚ ਲੱਗੇ ਲੋਕਾਂ ਲਈ ਸਹਾਇਤਾ, ਜਿਸ ਵਿੱਚ ਕੋਰੋਨਵਾਇਰਸ ਜੌਬ ਰੀਟੈਨਸ਼ਨ ਸਕੀਮ, ਸਵੈ-ਰੁਜ਼ਗਾਰ ਆਮਦਨ ਸਹਾਇਤਾ ਯੋਜਨਾ, ਕਰਜ਼ਾ ਯੋਜਨਾਵਾਂ, ਵਪਾਰਕ ਦਰਾਂ ਵਿੱਚ ਰਾਹਤ ਅਤੇ ਗ੍ਰਾਂਟਾਂ ਸ਼ਾਮਲ ਹਨ;
ii) ਸਬੰਧਤ ਜਨਤਕ ਸੇਵਾਵਾਂ ਲਈ ਵਾਧੂ ਫ਼ੰਡਿੰਗ;
iii) ਵਾਲੰਟਰੀ ਅਤੇ ਕਮਿਊਨਿਟੀ ਸੈਕਟਰ ਲਈ ਵਾਧੂ ਫ਼ੰਡਿੰਗ; ਅਤੇ
iv) ਲਾਭ ਅਤੇ ਬਿਮਾਰੀ ਵੇਤਨ, ਅਤੇ ਕਮਜ਼ੋਰ ਲੋਕਾਂ ਲਈ ਸਹਾਇਤਾ।

2. ਭਵਿੱਖ ਦੀਆਂ ਮਹਾਂਮਾਰੀਆਂ ਵਾਸਤੇ ਯੂਕੇ ਦੀ ਤਿਆਰੀ ਨੂੰ ਸੂਚਿਤ ਕਰਨ ਲਈ, ਉਪਰੋਕਤ ਤੋਂ ਸਿੱਖੀਆਂ ਜਾਣ ਵਾਲੀਆਂ ਨਸੀਹਤਾਂ ਦੀ ਪਛਾਣ ਕਰਨੀ।